Punjabi

# ਕੰਮ ਦੀ ਉਮਰ ਵਾਲੇ ਲੋਕਾਂ ਵਾਸਤੇ ਕਿਰਾਏ ਅਤੇ ਕੌਂਸਲ ਟੈਕਸ ਸਬੰਧੀ ਸਹਾਇਤਾ

**(Help with rent and Council Tax for people of working age)**

ਅਸੀਂ ਇਹ ਪਰਚਾ ਕੰਮ ਦੀ ਉਮਰ ਵਾਲੇ ਲੋਕਾਂ ਲਈ ਲਿਖਿਆ ਹੈ। ਇਹ ਪਰਚੇ ਵਿਚ 60 ਸਾਲ ਨਾਲੋਂ ਘੱਟ ਉਮਰ ਦਾ ਹਰ ਵਿਅਕਤੀ ਕੰਮ ਦੀ ਉਮਰ ਵਾਲਾ ਹੈ। ਇਹ ਨਿਯਮ ਰਾਸ਼ਟਰੀ ਪੱਧਰ ਦੇ ਹਨ ਅਤੇ ਤੁਸੀਂ ਚਾਹੇ ਕਿਸੇ ਵੀ ਇਲਾਕੇ ਵਿਚ ਰਹਿੰਦੇ ਹੋਵੋ ਉਥੇ ਹੀ ਲਾਗੂ ਹੁੰਦੇ ਹਨ। (ਜੇ ਤੁਹਾਡੀ ਉਮਰ 60 ਸਾਲ ਤੋਂ ਉਪਰ ਹੈ ਤਾਂ 'ਪੈਨਸ਼ਨਰਾਂ ਵਾਸਤੇ ਕਿਰਾਏ ਅਤੇ ਕੌਂਸਲ ਟੈਕਸ ਸਬੰਧੀ ਸਹਾਇਤਾ' ਪਰਚਾ ਪੜ੍ਹੋ) ਜੇ ਤੁਹਾਨੂੰ ਇਹ ਨਹੀਂ ਪਤਾ ਕਿ ਤੁਹਾਡੇ ਰਹਿਣ ਵਾਲਾ ਇਲਾਕਾ ਕਿਸ ਕੌਂਸਲ ਅਧੀਨ ਆਉਂਦਾ ਹੈ, ਤਾਂ ਤੁਸੀਂ ਇਸਦਾ ਪਤਾ ਆਪਣੇ ਕੌਂਸਲ ਟੈਕਸ ਬਿੱਲ ਤੋਂ ਲਗਾ ਸਕਦੇ ਹੋ।

ਅਪ੍ਰੈਲ 2010 ਨੂੰ ਸੰਸ਼ੋਧਿਤ ਕੀਤਾ ਗਿਆ

## ਹਾਊਸਿੰਗ ਬੈਨੀਫਿਟ ਕੀ ਹੈ?

ਕਿਰਾਏ ਦਾ ਭੁਗਤਾਨ ਕਰਨਾ ਅਕਸਰ ਮੁਸਕਲ ਹੁੰਦਾ ਹੈ। ਘੱਟ ਆਮਦਨੀ ਵਾਲੇ ਲੋਕ ਕਿਰਾਏ ਦਾ ਭੁਗਤਾਨ ਸੰਧੀ ਸਹਾਇਤਾ ਪ੍ਰਾਪਤ ਕਰ ਸਕਦੇ ਹਨ। ਇਸ ਪਰਚੇ ਵਿਚਲੇ ਗ੍ਰਾਫ ਦੇਖੋ ਜੋ ਸੰਭਾਵਤ ਪਾਤਰਤਾ ਦੀਆਂ ਉਦਾਰਨਾ ਦਿੰਦੇ ਹਨ।

## ਕੌਂਸਲ ਟੈਕਸ ਬੈਨੀਫਿਟ ਕੀ ਹੈ?

ਘੱਟ ਆਮਦਨੀ ਵਾਲੇ ਲੋਕ ਕੌਂਸਲ ਟੈਕਸ ਬਿੱਲ ਦੇ ਭੁਗਤਾਨ ਸਬੰਧੀ ਵੀ ਸਹਾਇਤਾ ਪ੍ਰਾਪਤ ਕਰ ਸਕਦੇ ਹਨ।

## ਸੈਕੰਡ ਐਡੱਲਟ ਰੀਬੇਟ ਕੀ ਹੈ?

ਸੈਕੰਡ ਐਡੱਲਟ ਰੀਬੇਟ ਉਨ੍ਹਾਂ ਲੋਕਾਂ ਵਾਸਤੇ ਹੈ ਜੋ ਕੌਂਸਲ ਟੈਕਸ ਬਿੱਲ ਸਬੰਧੀ ਸਹਾਇਤਾ ਪ੍ਰਾਪਤ ਨਹੀਂ ਕਰ ਸਕਦੇ ਪਰ ਉਨ੍ਹਾਂ ਨਾਲ ਘੱਟ ਆਮਦਨੀ ਵਾਲੇ ਦੂਸਰੇ ਲੋਕ ਰਹਿੰਦੇ ਹੋਣ। ਇਸਨੂੰ ਪ੍ਰਾਪਤ ਕਰਨ ਵਾਸਤੇ ਆਪਣੇ ਘਰ ਦਾ ਕੌਂਸਲ ਟੈਕਸ ਭਰਨ ਲਈ ਤੁਹਾਡਾ ਜਿੰਮੇਵਾਰ ਹੋਣਾ ਜਰੂਰੀ ਹੈ।

## ਕੀ ਕਿਸੇ ਦੂਸਰੇ ਤਰੀਕੇ ਨਾਲ ਕੌਂਸਲ ਟੈਕਸ ਬਿੱਲ ਘੱਟ ਕੀਤੇ ਜਾ ਸਕਦੇ ਹਨ?

ਹਾਂ। ਕੌਂਸਲ ਟੈਕਸ ਬੈਨੀਫਿਟ ਅਤੇ ਸੈਕੰਡ ਐਡੱਲਟ ਰੀਬੇਟ ਦੇ ਨਾਲ ਨਾਲ ਕੌਂਸਲ ਟੈਕਸ ਬਿੱਲ ਹੇਠ ਲਿਖਿਆਂ ਰਾਹੀਂ ਘੱਟ ਕੀਤੇ ਜਾ ਸਕਦੇ ਹਨ:

- ਕੌਂਸਲ ਟੈਕਸ ਡਿਸਕਾਊਂਟਸ;
- ਕੌਂਸਲ ਟੈਕਸ ਇਗਜ਼ੈਂਪਸ਼ਨਜ; ਅਤੇ
- ਅਪਾਹਜਤਾਵਾਂ ਵਾਲੇ ਲੋਕਾਂ ਵਾਸਤੇ ਕੌਂਸਲ ਟੈਕਸ ਰੀਡੱਕਸ਼ਨਜ।

## ਕੌਂਸਲ ਟੈਕਸ ਡਿਸਕਾਊਂਟ ਕੀ ਹੈ?

ਜੇ ਤੁਸੀਂ ਪ੍ਰਾਪਰਟੀ ਵਿਚ ਰਹਿਣ ਵਾਲੇ ਇਕੱਲੇ ਬਾਲਗ ਹੋ ਤਾਂ ਤੁਹਾਨੂੰ 25% ਦਾ ਡਿਸਕਾਊਂਟ ਮਿਲ ਸਕਦਾ ਹੈ। ਜਦੋਂ ਅਸੀਂ ਡਿਸਕਾਊਂਟ ਦਾ ਹਿਸਾਬ ਲਾਉਣ ਵਾਸਤੇ ਪ੍ਰਾਪਰਟੀ ਵਿਚ ਰਹਿਣ ਵਾਲੇ ਲੋਕਾਂ ਬਾਰੇ ਵਿਚਾਰ ਕਰਦੇ ਹਾਂ ਤਾਂ ਅਸੀਂ ਕੁੱਝ ਬਾਲਗਾਂ ਨੂੰ ਗਿਣਤੀ ਵਿਚ ਨਹੀਂ ਲਿਆਉਂਦੇ। ਇਨ੍ਹਾਂ ਵਿਚ ਸ਼ਾਮਲ ਹਨ:

- ਕੁਲ-ਵਕਤੀ ਵਿਦਿਆਰਥੀ;
- 'ਗੰਭੀਰ ਮਾਨਸਿਕ ਕਮਜ਼ੋਰੀ' ਵਾਲੇ ਲੋਕ;
- ਦੇਖਭਾਲਕ
- ਕੁੱਝ 19 ਅਤੇ 20 ਸਾਲ ਦੀ ਉਮਰ ਵਾਲੇ ਜਿਨ੍ਹਾਂ ਵਾਸਤੇ ਤੁਹਾਨੂੰ ਚਾਇਲਡ ਬੈਨੀਫਿਟ ਮਿਲਦਾ ਹੋਵੇ; ਅਤੇ
- ਉਹ ਲੋਕ ਜੋ ਜੇਲ੍ਹ ਵਿਚ ਹੋਣ।

## ਕੌਂਸਲ ਟੈਕਸ ਇਗਜ਼ੈਂਪਸ਼ਨਜ ਕੀ ਹੁੰਦੀਆਂ ਹਨ?

ਜਦੋਂ ਪ੍ਰਾਪਰਟੀ ਖਾਲੀ ਪਈ ਹੋਵੇ ਤਾਂ ਹੋ ਸਕਦਾ ਹੈ ਕੁੱਝ ਸਮੇਂ ਵਾਸਤੇ ਉਸਨੂੰ ਕੌਂਸਲ ਟੈਕਸ ਦੀ ਛੋਟ ਮਿਲ ਜਾਵੇ। ਇਸਦਾ ਅਰਥ ਹੈ ਕਿ ਉਸ ਪ੍ਰਾਪਰਟੀ ਵਾਸਤੇ ਕੌਂਸਲ ਟੈਕਸ ਦੇਣ ਲਈ ਕੋਈ ਵੀ ਜਿੰਮੇਵਾਰ ਨਹੀਂ ਹੈ। ਕੁੱਝ ਪ੍ਰਾਪਰਟੀਆਂ ਵਿਚ ਵਿਅਕਤੀਆਂ ਦੇ ਰਹਿੰਦਿਆ ਤੋਂ ਵੀ ਛੋਟ ਮਿਲ ਸਕਦੀ ਹੈ ਜਿਵੇਂ ਕਿ ਜਿੱਥੇ ਸਾਰੇ ਵਸਨੀਕ ਕੁਲ-ਵਕਤੀ ਵਿਦਿਆਰਥੀ ਹੋਣ।

## ਅਪਾਹਜਤਾਵਾਂ ਵਾਲੇ ਲੋਕਾਂ ਵਾਸਤੇ ਕੌਂਸਲ ਟੈਕਸ ਰੀਡੱਕਸ਼ਨਜ ਕੀ ਹੁੰਦੀਆਂ ਹਨ?

ਜੇ ਕਿਸੇ ਅਪਾਹਜ ਵਿਅਕਤੀ ਨੂੰ ਘਰ ਦੇ ਅੰਦਰ ਵ੍ਹੀਲਚੇਅਰ ਵਰਤਣੀ ਪੈਂਦੀ ਹੈ ਜਾਂ ਉਸਦੀਆਂ ਲੋੜਾਂ ਵਾਸਤੇ ਵਾਧੂ ਕਮਰਾ ਲਾਜ਼ਮੀ ਹੈ ਤਾਂ ਉਨ੍ਹਾਂ ਨੂੰ ਘਟਾਇਆ ਹੋਇਆ ਕੌਂਸਲ ਟੈਕਸ ਬਿੱਲ ਮਿਲ ਸਕਦਾ ਹੈ।

## ਮੈਂ ਕੌਂਸਲ ਟੈਕਸ ਡਿਸਕਾਊਂਟ, ਇਗਜ਼ੈਂਪਸ਼ਨ ਜਾਂ ਰੀਡੱਕਸ਼ਨ ਵਾਸਤੇ ਕਲੇਮ ਕਿਵੇਂ ਕਰਾਂ?

ਕੌਂਸਲ ਟੈਕਸ ਬਿੱਲ ਵਿਚ ਇਨ੍ਹਾਂ ਵਿਚੋਂ ਕੋਈ ਕਟੌਤੀ ਕਰਾਉਣ ਵਾਸਤੇ ਤੁਹਾਨੂੰ ਇਕ ਫਾਰਮ ਭਰਨਾ ਪਵੇਗਾ। ਆਪਣੇ ਲੋਕਲ ਕੌਂਸਲ ਆਫਿਸ ਨਾਲ ਸੰਪਰਕ ਕਰੋ।

## ਇਨਕਮ ਸੁਪੋਰਟ ਅਤੇ ਜੌਬਸੀਕਰ'ਜ ਅਲਾਊਂਸ ਕੀ ਹੁੰਦਾ ਹੈ?

ਘੱਟ ਆਮਦਨ ਅਤੇ ਆਮਤੌਰ ਤੇ ਕੰਮ ਨਾ ਕਰਨ ਯੋਗ ਵਿਅਕਤੀ ਨੂੰ ਡਿਪਾਰਟਮੈਂਟ ਫੋਰ ਵਰਕ ਐਂਡ ਪੈਨਸ਼ਨ ਵਲੋਂ ਦਿੱਤੇ ਜਾਣ ਵਾਲੇ ਪੈਸੇ ਨੂੰ ਇਨਕਮ ਸੁਪੋਰਟ ਕਿਹਾ ਜਾਂਦਾ ਹੈ। 16 ਘੰਟੇ ਪ੍ਰਤੀ ਹਫਤਾ ਕਰਨ ਕਰਨ ਵਾਲੇ ਜਾਂ ਬਹੁਤ ਥੋੜ੍ਹੀ ਜਾਂ ਬਿਲਕੁਲ ਬਿਨਾ ਆਮਦਨ ਵਾਲੇ ਵਿਅਕਤੀਆਂ ਨੂੰ ਇਹ ਮਿਲਸ ਸਕਦਾ ਹੈ (ਜੇ ਉਹ ਬਾਕੀ ਨਿਸ਼ਚਤ ਸ਼ਰਤਾਂ ਤੇ ਵੀ ਪੂਰੇ ਉਤਰਦੇ ਹੋਣ)।

ਜੌਬਸੀਕਰਜ ਅਲਾਊਂਸ (ਜੇ.ਐਸ.ਏ.) ਉਨ੍ਹਾਂ ਲੋਕਾਂ ਨੂੰ ਦਿੱਤਾ ਜਾਂਦਾ ਹੈ ਜਿਨ੍ਹਾਂ ਕੋਲ ਕੰਮ ਨਹੀਂ ਹੈ ਅਤੇ ਉਹ ਕੰਮ ਦੀ ਭਾਲ਼ ਕਰ ਰਹੇ ਹੋਣ। ਇਹ ਹੇਠ ਲਿਖਿਆ ਵਿਚੋਂ ਕਿਸੇ ਇਕ ਰੂਪ ਵਿਚ ਦਿੱਤਾ ਜਾਂਦਾ ਹੈ:

- ਇਨਕਮ-ਬੇਸਡ ਜੇ.ਐਸ.ਏ. - ਜੇ.ਐਸ.ਏ. (ਆਈ.ਬੀ.) - ਸਾਨੂੰ ਤੁਹਾਡੀ ਆਮਦਨ ਦਾ ਕੋਈ ਵੇਰਵਾ ਨਹੀਂ ਚਾਹੀਦਾ; ਜਾਂ
- ਕੰਟ੍ਰੀਬਿਊਸ਼ਨ-ਬੇਸਡ ਜੇ.ਐਸ.ਏ. - ਜੇ.ਐਸ.ਏ. (ਸੀ.ਬੀ.) - ਸਾਨੂੰ ਤੁਹਾਡੀ ਆਮਦਨ ਅਤੇ ਜਮ੍ਹਾ ਪੂੰਜੀ ਬਾਰੇ ਜਾਨਣ ਦੀ ਲੋੜ ਹੈ

### ਇੰਪਲਾਏਮਿੰਟ ਐਂਡ ਸੁਪੋਰਟ ਅਲਾਊਂਸ ਕੀ ਹੂੰਦਾ ਹੈ?

ਬਿਮਾਰ ਜਾਂ ਅਪਾਹਜ ਲੋਕਾਂ ਵਾਸਤੇ ਇਨਕਪੈਸਟੀ ਬੈਨੀਫਿਟ ਅਤੇ ਇਨਕਮ ਸੁਪੋਰਟ ਦੀ ਥਾਂ ਲੈਣ ਵਾਲੇ ਨਵੇਂ ਬੈਨੀਫਿਟ ਦਾ ਨਾਮ ਹੈ ਇੰਪਲਾਏਮਿੰਟ ਐਂਡ ਸੁਪੋਰਟ ਅਲਾਊਂਸ (ਈ.ਐਸ.ਏ.)। ਇਹ ਬੈਨੀਫਿਟ 27 ਅਕਤੂਬਰ 2008 ਤੋਂ ਸ਼ੁਰੂ ਹੋਇਆ ਹੈ।

ਈ.ਐਸ.ਏ. ਦੇ ਦੋ ਭਾਗ ਹਨ:

- ਇਨਕਮ-ਰੀਲੇਟਿਡ ਇੰਪਲਾਏਮਿੰਟ ਐਂਡ ਸੁਪੋਰਟ ਅਲਾਊਂਸ
- ਕੰਟ੍ਰੀਬਿਊਟਰੀ ਇੰਪਲਾਏਮਿੰਟ ਐਂਡ ਸੁਪੋਰਟ ਅਲਾਊਂਸ

ਕੰਮ ਕਰਨ ਤੋਂ ਅਸਮਰਥ ਜਾਂ ਅਪਾਹਜਤਾ ਦੇ ਸ਼ਿਕਾਰ ਜਿਨ੍ਹਾਂ ਲੋਕਾਂ ਨੂੰ ਪਹਿਲਾਂ ਤੋਂ ਹੀ ਇਨਕਪੈਸਟੀ ਬੈਨੀਫਿਟ ਜਾਂ ਇਨਕਮ ਸੁਪੋਰਟ ਮਿਲ ਰਿਹਾ ਹੈ ਉਨ੍ਹਾਂ ਨੂੰ ਇਹ ਉਦੋਂ ਤੱਕ ਮਿਲਦਾ ਰਹੇਗਾ ਜਦੋਂ ਤੱਕ ਉਨ੍ਹਾਂ ਨੂੰ ਈ.ਐਸ.ਏ. ਜ਼ਾਰੀ ਨਹੀਂ ਕਰ ਦਿੱਤਾ ਜਾਂਦਾ (ਇਸਦਾ ਫੈਸਲਾ ਡੀ.ਡਬਲਯੂ.ਪੀ. ਕਰੇਗੀ)।

ਜੇ ਤੁਹਾਨੂੰ ਇਨਕਮ-ਰੀਲੇਟਿਡ ਇੰਪਲਾਏਮਿੰਟ ਐਂਡ ਸੁਪੋਰਟ ਅਲਾਊਂਸ, ਇਨਕਮ ਸੁਪੋਰਟ ਜਾਂ ਇਨਕਮ-ਬੇਸਡ ਜਾਬਸੀਕਰਜ ਅਲਾਊਂਸ ਮਿਲਦਾ ਹੈ ਤਾਂ ਤੁਹਾਨੂੰ ਕੁੱਝ ਨਿਸ਼ਚਤ ਤਬਦੀਲੀਆਂ ਸਬੰਧੀ ਹੀ ਸਾਨੂੰ ਸੂਚਿਤ ਕਰਨ ਦੀ ਲੋੜ ਹੈ। ਇਸ ਬਾਰੇ ਅਸੀਂ ਤੁਹਾਨੂੰ ਇਸ ਲੀਫਲੈਟ ਵਿਚ ਅੱਗੇ ਚੱਲ ਕੇ ਦੱਸਾਂਗੇ।

## ਟੈਕਸ ਕ੍ਰੈਡਿਟਸ ਕੀ ਹੁੰਦੇ ਹਨ?

ਟੈਕਸ ਕ੍ਰੈਡਿਟਸ ਐਚ.ਐਮ. ਰੈਵਨਿਊ ਐਂਡ ਕਸਟਮਜ ਦੁਆਰਾ ਦਿੱਤੇ ਜਾਂਦੇ ਹਨ ਅਤੇ ਤੁਹਾਡੀ ਆਮਦਨ ਵਿਚ ਵਾਧਾ ਕਰਨ ਵਾਸਤੇ ਵਰਤੇ ਜਾ ਸਕਦੇ ਹਨ। ਜੇ ਤੁਹਾਡੇ ਬੱਚੇ ਹਨ ਜਾਂ ਤੁਸੀਂ ਘੱਟ ਆਮਦਨ ਤੇ ਕੰਮ ਕਰ ਰਹੇ ਹੋ (ਜਾਂ ਦੋਨੋਂ ਚੀਜ਼ਾਂ ਲਾਗੂ ਹੁੰਦੀਆਂ ਹਨ) ਤਾਂ ਤੁਹਾਨੂੰ ਟੈਕਸ ਕ੍ਰੈਡਿਟਸ ਮਿਲ ਸਕਦੇ ਹਨ। ਜੇ ਤੁਸੀਂ 50 ਸਾਲ ਤੋਂ ਉਪਰ ਹੋ ਅਤੇ ਕੰਮ ਕਰਦੇ ਹੋ ਜਾਂ ਅਪਾਹਜ ਹੋ ਅਤੇ ਕੰਮ ਕਰਦੇ ਹੋ (ਜਾਂ ਦੋਨੋਂ ਹੀ) ਤਾਂ ਤੁਹਾਨੂੰ ਵਾਧੂ ਟੈਕਸ ਕ੍ਰੈਡਿਟਸ ਮਿਲਸ ਸਕਦੇ ਹਨ। ਤੁਸੀਂ ਐਚ.ਐਮ. ਰੈਵਨਿਊ ਐਂਡ ਕਸਟਮਜ ਕੋਲੋਂ ਉਨ੍ਹਾਂ ਦੀ ਵੈਬਸਾਈਟ www.hmrc.gov.uk ਰਾਹੀਂ ਜਾਂ 0845 3000900 ਤੇ ਫੋਨ ਕਰਕੇ ਟੈਕਸ ਕ੍ਰੈਡਿਟਸ ਦਾ ਕਲੇਮ ਕਰ ਸਕਦੇ ਹੋ। ਇਹ ਦੇਖਣ ਵਾਸਤੇ ਕਿ ਤੁਹਾਨੂੰ ਟੈਕਸ ਕ੍ਰੈਡਿਟ ਮਿਲ ਸਕਦਾ ਹੈ ਜਾਂ ਨਹੀਂ ਤੁਸੀਂ ਐਚ.ਐਮ. ਰੈਵਨਿਊ ਦੀ ਵੈਬਸਾਈਟ ਉਤੇ ਆਨਲਾਈਨ ਕਲਕੁਲੇਟਰ ਦੀ ਵਰਤੋਂ ਕਰ ਸਕਦੇ ਹੋ।

## ਜੇ ਮੈਨੂੰ ਇੰਪਲਾਏਮਿੰਟ ਐਂਡ ਸੁਪੋਰਟ ਅਲਾਊਂਸ, ਇਨਕਮ ਸੁਪੋਰਟ ਜਾਂ ਜੌਬਸੀਕਰਜ ਅਲਾਊਂਸ (ਇਨਕਮ ਬੇਸਡ) ਮਿਲਦਾ ਹੈ ਤਾਂ ਮੈਂ ਹਾਊਸਿੰਗ ਬੈਨੀਫਿਟ ਜਾਂ ਕੌਂਸਲ ਟੈਕਸ ਬੈਨੀਫਿਟ (ਜਾਂ ਦੋਨਾਂ) ਵਾਸਤੇ ਕਿਵੇਂ ਕਲੇਮ ਕਰ ਸਕਦਾ ਹਾਂ?

ਇੰਪਲਾਏਮੈਂਟ ਐਂਡ ਸੁਪੋਰਟ ਅਲਾਊਂਸ, ਇਨਕਮ ਸੁਪੋਰਟ ਅਤੇ ਜਾਬਸੀਕਰਜ ਅਲਾਊਂਸ ਦਾ ਭੁਗਤਾਨ ਦ' ਡਿਪਾਰਟਮੈਂਟ ਫਾਰ ਵਰਕ ਐਂਡ ਪੈਨਸ਼ਨਜ (ਡੀ.ਡਬਲਿਊ.ਪੀ.) ਵਲੋਂ ਕੀਤਾ ਜਾਂਦਾ ਹੈ, ਪਰ ਹਾਊਸਿੰਗ ਬੈਨੀਫਿਟ ਅਤੇ ਕੌਂਸਲ ਟੈਕਸ ਬੈਨੀਫਿਟ ਸਾਡੇ ਵਲੋਂ ਦਿਤਾ ਜਾਂਦਾ ਹੈ।

ਜਦੋਂ ਤੁਸੀਂ ਇੰਪਲਾਏਮੈਂਟ ਐਂਡ ਸੁਪੋਰਟ ਅਲਾਊਂਸ, ਇਨਕਮ ਸੁਪੋਰਟ ਜਾਂ ਜਾਬਸੀਕਰਜ ਅਲਾਊਂਸ ਵਾਸਤੇ ਕਲੇਮ ਕਰੋ ਤਾਂ ਤੁਹਾਨੂੰ ਹਾਊਸਿੰਗ ਬੈਨੀਫਿਟ ਅਤੇ ਕੌਂਸਲ ਟੈਕਸ ਬੈਨੀਫਿਟ ਕਲੇਮ ਕਰਨ ਵਾਸਤੇ ਵੀ ਇਕ ਫਾਰਮ (ਐਚ.ਸੀ.ਟੀ.ਬੀ.1) ਮਿਲੇਗਾ। ਤੁਹਾਨੂੰ ਇਹ ਫਾਰਮ ਮੁਕੰਮਲ ਕਰਕੇ ਡੀ.ਡਬਲਿਊ.ਪੀ. ਨੂੰ ਵਾਪਸ ਭੇਜਣ ਦੀ ਲੋੜ ਹੈ, ਉਹ ਇਸਨੂੰ ਸਾਡੇ ਤੱਕ ਪਹੁੰਚਾ ਦੇਣਗੇ।

ਜੇ ਤੁਸੀਂ ਡਿਪਾਰਟਮੈਂਟ ਫੋਰ ਵਰਕ ਐਂਡ ਪੈਨਸ਼ਨਜ (ਡੀ.ਡਬਲਯੂ.ਪੀ.) ਰਾਹੀਂ ਕਲੇਮ ਨਹੀਂ ਕੀਤਾ ਤਾਂ ਫਿਰ ਤੁਹਾਨੂੰ ਐਪਲੀਕੇਸ਼ਨ ਫਾਰਮ ਮੁਕੰਮਲ ਕਰਕੇ ਆਪਣੀ ਲੋਕਲ ਕੌਂਸਲ ਨੂੰ ਭੇਜਣਾ ਪਵੇਗਾ।

ਜੇ ਤੁਹਨੂੰ ਆਪਣਾ ਹਾਊਸਿੰਗ ਬੈਨੀਫਿਟ ਅਤੇ ਕੌਂਸਲ ਟੈਕਸ ਬੈਨੀਫਿਟ ਕਲੇਮ ਫਾਰਮ ਭੇਜਣ ਤੋਂ ਬਾਅਦ ਇਕ ਮਹੀਨੇ ਦੇ ਵਿਚ ਕੋਈ ਜਵਾਬ ਨਹੀਂ ਮਿਲਦਾ ਤਾਂ ਆਪਣੀ ਲੋਕਲ ਕੌਂਸਲ ਨਾਲ ਸੰਪਰਕ ਕਰੋ।

## ਜੇ ਮੈਨੂੰ ਇੰਪਲਾਏਮਿੰਟ ਐਂਡ ਸੁਪੋਰਟ ਅਲਾਊਂਸ, ਇਨਕਮ ਸੁਪੋਰਟ ਜਾਂ ਜੌਬਸੀਕਰਜ ਅਲਾਊਂਸ (ਇਨਕਮ-ਬੇਸਡ) ਨਹੀਂ ਮਿਲਦਾ ਤਾਂ ਮੈਂ ਹਾਊਸਿੰਗ ਬੈਨੀਫਿਟ ਜਾਂ ਕੌਂਸਲ ਟੈਕਸ ਬੈਨੀਫਿਟ (ਜਾਂ ਦੋਨੋਂ) ਕਿਵੇਂ ਕਲੇਮ ਕਰ ਸਕਦਾ ਹਾਂ?

ਤੁਹਾਨੂੰ ਇਕ ਕਲੇਮ ਫਾਰਮ ਮੁਕੰਮਲ ਕਰਕੇ ਹਾਊਸਿੰਗ ਬੈਨੀਫਿਟ ਜਾਂ ਕੌਂਸਲ ਟੈਕਸ ਬੈਨੀਫਿਟ (ਜਾਂ ਦੋਨੋਂ) ਸਿੱਧੇ ਕੌਂਸਲ ਕੋਲੋਂ ਕਲੇਮ ਕਰਨੇ ਚਾਹੀਦੇ ਹਨ। ਇਹ ਫਾਰਮ ਤੁਸੀਂ ਆਪਣੀ ਲੋਕਲ ਕੌਂਸਲ ਕੋਲੋਂ ਪ੍ਰਾਪਤ ਕਰ ਸਕਦੇ ਹੋ।

ਇਸ ਫਾਰਮ ਨੂੰ ਮੁਕੰਮਲ ਕਰਕੇ ਜਿਤਨੀ ਜਲਦੀ ਹੋ ਸਕੇ ਆਪੀ ਲੋਕਲ ਕੌਂਸਨ ਨੂੰ ਭੇਜ ਦੇਵੋ। ਕਿਸੇ ਤਰਾਂ ਦੀ ਦੇਰੀ ਕਾਰਨ ਬੈਨੀਫਿਟ ਦਾ ਨੁਕਸਾਨ ਉਠਾਉਣਾ ਪੈ ਸਕਦਾ ਹੈ।

## ਮੈਂ ਸੈਕੰਡ ਐਡੱਲਟ ਰੀਬੇਟ ਦਾ ਕਲੇਮ ਕਿਵੇਂ ਕਰ ਸਕਦਾ ਹਾਂ?

ਸੈਕੰਡ ਐਡੱਲਟ ਰੀਬੇਟ ਵਾਸਤੇ ਕਲੇਮ ਆਪਣੀ ਲੋਕਲ ਕੌਂਸਲ ਕੋਲ ਹੀ ਕੀਤਾ ਜਾਂਦਾ ਹੈ। ਇਸ ਫਾਰਮ ਨੂੰ ਮੁਕੰਮਲ ਕਰਕੇ ਜਿਤਨੀ ਜਲਦੀ ਹੋ ਸਕੇ ਆਪਣੀ ਲੋਕਲ ਕੌਂਸਲ ਨੂੰ ਭੇਜ ਦੇਵੋ।

## ਮੈਨੂੰ ਸੈਕੰਡ ਐਡੱਲ ਰੀਬੇਟ ਕਿਤਨਾ ਮਿਲੇਗਾ?

ਅਧਿਕਤਮ ਸੈਕੰਡ ਐਡੱਲਟ ਰੀਬੇਟ ਜੋ ਤੁਹਾਨੂੰ ਮਿਲ ਸਕਦਾ ਹੈ ਆਮਤੌਰ ਤੇ ਕਿਸੇ ਡਿਸਕਾਊਂਟ ਨੂੰ ਘਟਾਉਣ ਤੋਂ ਪਹਿਲਾਂ ਪੂਰੇ ਕੌਂਸਲ ਟੈਕਸ ਬਿੱਲ ਦਾ 25 ਪ੍ਰਤੀਸ਼ਤ ਹੁੰਦਾ ਹੈ। ਪਰ ਜੇ ਘਰ ਵਿਚ ਵਿਦਿਆਰਥੀ ਰਹਿੰਦੇ ਹਨ ਤਾਂ ਕਈ ਹਾਲਤਾਂ ਵਿਚ ਤੁਹਾਨੂੰ 100 ਪ੍ਰਤੀਸ਼ਤ ਤੱਕ ਵੀ ਮਿਲ ਸਕਦਾ ਹੈ। ਇਹ ਰਕਮ ਤੁਹਾਡੇ ਦੂਸਰੇ ਬਾਲਗ ਜਾਂ ਬਾਲਗਾਂ ਦੀ ਹਫਤਾਵਾਰੀ ਕੁੱਲ ਆਮਦਨ ਉਤੇ ਨਿਰਭਰ ਹੁੰਦੀ ਹੈ।

## ਕੀ ਮੈਨੂੰ ਕੌਂਸਲ ਟੈਕਸ ਬੈਨੀਫਿਟ ਅਤੇ ਸੈਕੰਡ ਐਡੱਲਟ ਰੀਬੇਟ ਮਿਲ ਸਕਦਾ ਹੈ?

ਜਦੋਂ ਤੁਸੀਂ ਐਪਲੀਕੇਸ਼ਨ ਫੋਰਮ ਭਰੋਗੇ ਤਾਂ ਅਸੀਂ ਜਾਇਜਾ ਲਵਾਂਗੇ ਕਿ ਤੁਸੀਂ ਕੌਂਸਲ ਟੈਕਸ ਬੈਨੀਫਿਟ ਅਤੇ/ਜਾਂ ਸੈਕੰਡ ਐਡੱਲਟ ਰੀਬੇਟ ਦੇ ਹੱਕਦਾਰ ਹੋ ਜਾਂ ਨਹੀਂ ਅਤੇ ਇਨ੍ਹਾਂ ਵਿਚੋਂ ਜਿਸਦੀ ਰਕਮ ਵੱਧ ਬਣਦੀ ਹੋਵੇਗੀ ਉਹ ਤੁਹਾਨੂੰ ਦੇ ਦੇਵਾਂਗੇ।

## ਮੇਰੇ ਬੈਨੀਫਿਟ ਦਾ ਹਿਸਾਬ ਲਗਾਉਣ ਲਈ ਤੁਹਾਨੂੰ ਕਿਹੜੀ ਜਾਣਕਾਰੀ ਦੀ ਲੋੜ ਹੈ?

ਜਦੋਂ ਤੁਸੀਂ ਹਾਊਸਿੰਗ ਬੈਨੀਫਿਟ ਜਾਂ ਕੌਂਸਲ ਟੈਕਸ ਬੈਨੀਫਿਟ ਵਾਸਤੇ ਕਲੇਮ ਕਰਦੇ ਹੋ ਤਾਂ ਸਾਨੂੰ ਇਹ ਕੁੱਝ ਜਾਨਣ ਦੀ ਲੋੜ ਹੈ:

- ਜੇ ਤੁਹਾਨੂੰ ਇਨਕਮ-ਰੀਲੇਟਿਡ ਇੰਪਲਾਏਮਿੰਟ ਸੁਪੋਰਟ ਅਲਾਊਂਸ, ਇਨਕਮ ਸੁਪੋਰਟ ਜਾਂ ਜਾਬਸੀਕਰਜ ਅਲਾਊਂਸ ਨਹੀਂ ਮਿਲਦਾ ਤਾਂ ਤੁਹਾਡੀ ਆਮਦਨ ਅਤੇ ਬੱਚਤਾਂ।
- ਤੁਹਾਡੇ ਨਾਲ ਕੌਣ ਕੌਣ ਰਹਿੰਦਾ ਹੈ ਦੇ ਵੇਰਵੇ ਸਹਿਤ ਤੁਹਾਡੀਆਂ ਪਰਵਾਰਕ ਸਥਿਤੀਆਂ
- ਤੁਹਾਡਾ ਕਿਰਾਇਆ, ਪਰ ਸਿਰਫ ਜੇ ਤੁਸੀਂ ਹਾਊਸਿੰਗ ਬੈਨੀਫਿਟ ਕਲੇਮ ਕਰ ਰਹੇ ਹੋ।

ਜੇ ਤੁਸੀਂ ਇਨਕਮ ਸੁਪੋਰਟ, ਜਾਬਸੀਕਰਜ ਅਲਾਊਂਸ, ਇਨਕਪੈਸਟੀ ਬੈਨੀਫਿਟ ਜਾਂ ਇੰਪਲਾਏਮਿੰਟ ਐਂਡ ਸੁਪੋਰਟ ਅਲਾਊਂਸ ਨਹੀਂ ਮਿਲਦਾ ਤਾਂ ਤੁਹਾਨੂੰ ਆਪਣੀ ਅਤੇ ਆਪਣੇ ਜੀਵਨ ਸਾਥੀ ਦੀ ਸ਼ਨਾਖਤ ਅਤੇ ਨੈਸ਼ਨਲ ਇੰਸ਼ੋਰੈਂਸ ਨੰਬਰ ਦਾ ਪ੍ਰਮਾਣ ਦੇਣਾ ਪਵੇਗਾ।

## ਆਮਦਨ ਕੀ ਹੈ?

ਜੇ ਤੁਹਾਨੂੰ ਇਨਕਮ-ਰੀਲੇਟਿਡ ਇੰਪਲਾਏਮਿੰਟ ਐਂਡ ਸੁਪੋਰਟ ਅਲਾਊਂਸ, ਇਨਕਮ ਸੁਪੋਰਟ ਜਾਂ ਇਨਕਮ-ਬੇਸਡ ਜਾਬਸੀਕਰਜ ਅਲਾਊਂਸ ਮਿਲਦਾ ਹੈ ਤਾਂ ਸਾਨੂੰ ਤੁਹਾਡੀ ਆਮਦਨ ਬਾਰੇ ਕਿਸੇ ਵੇਰਵੇ ਜਾਂ ਸਬੂਤ ਦੀ ਸਾਨੂੰ ਲੋੜ ਨਹੀਂ ਪਵੇਗੀ। ਹੋਰ ਸਭ ਕਾਸੇ ਵਾਸਤੇ ਤੁਹਾਡੀ ਅਤੇ ਤੁਹਾਡੇ ਜੀਵਨ ਸਾਥੀ ਦੀ ਪੂਰੀ ਆਮਦਨ ਦੇ ਸਬੂਤ ਦੀ ਲੋੜ ਪਵੇਗੀ। ਤੁਹਾਨੂੰ ਕਲੇਮ ਕਰਦੇ ਸਮੇਂ ਆਪਣੀ ਸਾਰੀ ਆਮਦਨ ਦਾ ਸਬੂਤ ਦੇਣਾ ਪਵੇਗਾ।

## ਆਮਦਨੀ ਦੀਆਂ ਕਿਸਮਾਂ ਇਸ ਤਰਾਂ ਹਨ

- ਕਮਾਈ, ਹਫਤਾਵਾਰੀ ਜਾਂ ਮਾਹਵਾਰੀ ਮਿਲਣ ਵਾਲੀ ਤਨਖਾਹ। ਸਾਨੂੰ ਤੁਹਾਡੀਆਂ ਪਿਛਲੀਆਂ ਪੰਜ ਹਫਤਾਵਾਰੀ ਜਾਂ ਦੋ ਮਾਹਵਾਰੀ ਤਨਖਾਹ ਦੀਆਂ ਪਰਚੀਆਂ ਦੇਖਣ ਦੀ ਲੋੜ ਪਵੇਗੀ। ਜੇ ਤੁਹਾਡੇ ਕੋਲ ਤਨਖਾਹ ਦੀਆਂ ਪਰਚੀਆਂ ਨਹੀਂ ਹਨ ਤਾਂ ਚਿੰਤਾ ਦੀ ਕੋਈ ਗੱਲ ਨਹੀਂ। ਆਪਣੇ ਲੋਕਲ ਕੌਂਸਲ ਆਫਿਸ ਕੋਲੋਂ ਇਕ ਫਾਰਮ ਲੈ ਕੇ ਤੁਸੀਂ ਆਪਣੇ ਇੰਪਲਾਯਰ ਨੂੰ ਮੁਕੰਮਲ ਕਰਨ ਵਾਸਤੇ ਕਹਿ ਸਕਦੇ ਹੋ।
- ਤੁਹਾਡੇ ਜਾਂ ਤੁਹਾਡੇ ਜੀਵਨ ਸਾਥੀ ਦੇ ਸਾਬਕਾ ਇੰਪਲਾਯਰ ਵਲੋਂ ਕੋਈ ਪੈਨਸ਼ਨ।
- ਵਾਰਸ਼ਿਕ ਭੱਤੇ। ਇਹ ਕਿਸੇ ਇੰਸ਼ੋਰੈਂਸ ਕੰਪਣੀ ਨਾਲ ਨਿਵੇਸ਼ ਕੀਤੀ ਹੋਈ ਰਕਮ ਤੋਂ ਹੋਣ ਵਾਲੀ ਕਮਾਈ ਹੈ।
- ਲਾਜਰਾਂ ਜਾਂ ਸਬਟੈਨੰਟਾਂ ਵਲੋਂ ਤੁਹਾਨੂੰ ਮਿਲਣ ਵਾਲਾ ਕਿਰਾਇਆ।

ਇਹ ਫਾਰਮ ਵਿਚ ਤੁਹਾਨੂੰ ਹੋਣ ਵਾਲੀ ਸਾਰੀ ਆਮਦਨੀ ਬਾਰੇ ਪੁੱਛਿਆ ਜਾਂਦਾ ਹੈ। ਤੁਹਾਡੇ ਬੈਨੀਫਿਟ ਦਾ ਹਿਸਾਬ ਲਗਾਉਣ ਵੇਲੇ ਟੈਕਸ, ਨੈਸ਼ਨਲ ਇਨਸ਼ੋਰੈਂਸ ਅਤੇ ਪੈਨਸ਼ਨ ਕੰਟ੍ਰੀਬਿਊਸ਼ਨ ਦੀ ਅੱਧੀ ਰਕਮ ਘਟਾ ਕੇ ਅਸੀਂ ਤੁਹਾਡੀ ਕੁੱਲ ਕਮਾਈ ਨੂੰ ਧਿਆਨ ਵਿਚ ਰੱਖਦੇ ਹਾਂ।

ਸੈਕੰਡ ਐਡੱਲਟ ਰੀਬੇਟ ਵਾਸਤੇ ਸਾਨੂੰ ਤੁਹਾਡੇ ਦੂਸਰੇ ਬਾਲਗ ਜਾਂ ਬਾਲਗਾਂ ਦੀ ਕੁੱਲ ਆਮਦਨ ਬਾਰੇ ਜਾਨਣ ਦੀ ਲੋੜ ਪਵੇਗੀ - ਇਹ ਹੈ, ਟੈਕਸ ਅਤੇ ਨੈਸ਼ਨਲ ਇਨਸ਼ੋਰੈਂਸ ਕੱਟ ਹੋਣ ਤੋਂ ਪਹਿਲਾਂ ਉਨ੍ਹਾਂ ਦੀ ਕੁੱਲ ਤਨਖਾਹ।

## ਜਮ੍ਹਾ-ਪੂੰਜੀ ਕੀ ਹੈ?

ਜੇ ਤੁਹਾਨੂੰ ਇਨਕਮ-ਰੀਲੇਟਿਡ ਇੰਪਲਾਏਮਿੰਟ ਐਂਡ ਸੁਪੋਰਟ ਅਲਾਊਂਸ, ਇਨਕਮ ਸੁਪੋਰਟ ਜਾਂ ਇਨਕਮ-ਬੇਸਡ ਜਾਬਸੀਕਰਜ ਅਲਾਊਂਸ ਨਹੀਂ ਮਿਲਦਾ ਤਾਂ ਸਾਨੂੰ ਤੁਹਾਡੀ ਅਤੇ ਤੁਹਾਡੇ ਜੀਵਨ ਸਾਥੀ ਦੀ ਜਮ੍ਹਾ-ਪੂੰਜੀ ਵਾਸਤੇ ਜਾਨਣ ਦੀ ਲੋੜ ਪਵੇਗੀ। ਕਲੇਮ ਕਰਨ ਸਮੇਂ ਤੁਹਾਨੂੰ ਆਪਣੀ ਜਮ੍ਹਾ-ਪੂੰਜੀ ਦਾ ਸਬੂਤ ਦੇਣਾ ਪਵੇਗਾ।

ਇਸ ਵਿਚ ਸ਼ਾਮਲ ਹਨ:

- ਬੈਂਕ ਖਾਤੇ (ਹਰ ਪ੍ਰਕਾਰ ਦੇ), ਬਿਲਡਿੰਗ ਸੁਸਾਈਟੀ ਖਾਤੇ ਅਤੇ ਪੋਸਟ ਆਫਿਸ ਵਿਚ ਜਮ੍ਹਾ ਰਕਮ;
- ਪੈੱਪਸ, ਟੈੱਸਾਜ ਅਤੇ ਆਈਸਾਜ;
- ਸਟਾਕਸ, ਸ਼ੇਅਰਜ ਅਤੇ ਯੂਨਿਟ ਟ੍ਰੱਸਟਜ;
- ਨੈਸ਼ਨਲ ਸੇਵਿੰਗਜ ਸਰਟੀਫਿਕੇਟਸ;
- ਨਕਦ;
- ਪ੍ਰਾਪਰਟੀ ਜਾਂ ਜਮੀਨ ਜੋ ਤੁਹਾਡੀ ਮਲਕੀਅਤ ਹੋਵੇ (ਪਰ ਤਹਾਡਾ ਰਹਿਣ ਵਾਲਾ ਘਰ ਨਹੀਂ)।

ਜੇ ਤੁਹਾਡੇ ਕੋਲ 16,000 ਪੌਂਡ ਨਾਲੋਂ ਵੱਧ ਜਮ੍ਹਾ-ਪੂੰਜੀ ਹੈ ਤਾਂ ਤੁਸੀਂ ਆਮਤੌਰ ਤੇ ਹਾਊਸਿੰਗ ਬੈਨੀਫਿਟ ਜਾਂ ਕੌਂਸਲ ਟੈਕਸ ਬੈਨੀਫਿਟ ਦੇ ਹੱਕਦਾਰ ਨਹੀਂ ਰਹਿੰਦੇ। ਇਹ ਤੁਹਾਡੇ ਸੈਕੰਡ ਐਡੱਲਟ ਰੀਬੇਟ ਕਲੇਮ ਕਰਨ ਵਿਚ ਰੁਕਾਵਟ ਨਹੀਂ ਪਾਉਂਦਾ।

ਜੇ ਤੁਸੀਂ ਜਾਂ ਤੁਹਾਡਾ ਜੀਵਨ ਸਾਥੀ 60 ਸਾਲ ਨਾਲੋਂ ਵੱਧ ਉਮਰ ਦੇ ਹੋ ਤਾਂ ਅਸੀਂ 6,000 ਪੌਂਡ ਤੱਕ ਦੀਆਂ ਤੁਹਾਡੀਆਂ ਬੱਚਤਾਂ ਜਾਂ ਨਿਵੇਸ਼ਾਂ ਨੂੰ ਗਿਣਤੀ ਵਿਚ ਨਹੀਂ ਲਵਾਂਗੇ। ਜੇ ਤੁਹਾਡੇ ਕੋਲ 6,000 ਪੌਂਡ ਤੋਂ ਵੱਧ ਹੈ ਤਾਂ 6,000 ਤੋਂ ਵੱਧ ਹਰ

250 ਪੌਂਡ ਜਾਂ 250 ਪੌਂਡ ਦੇ ਇਕ ਅੰਸ਼ ਮਗਰ ਤੁਹਾਡੀ ਆਮਦਨ ਵਿਚ ਇਕ ਪੌਂਡ ਜੋੜ ਲਵਾਂਗੇ। ਇਸ ਤਰਾਂ ਜੇ ਤੁਹਾਡੇ ਕੋਲ 6,600 ਪੌਂਡ ਹਨ ਤਾਂ ਅਸੀਂ ਤੁਹਾਡੀ ਹਫਤਾਵਾਰੀ ਆਮਦਨੀ ਵਿਚ 3 ਪੌਂਡ ਦਾ ਵਾਧਾ ਮੰਨਾਂਗੇ।

ਜੇ ਤੁਸੀਂ ਸੈਕੰਡ ਐਡੱਲਟ ਰੀਬੇਟ ਕਲੇਮ ਕਰਦੇ ਹੋ ਤਾਂ ਅਸੀਂ ਤੁਹਾਡੇ ਦੂਸਰੇ ਬਾਲਗ ਨੂੰ ਉਸਦੀਆਂ ਬੱਚਤਾਂ ਉਤੇ ਮਿਲਣ ਵਾਲੇ ਵਿਆਜ ਨੂੰ ਬਾਰੇ ਜਾਨਣਾ ਚਾਹਾਂਗੇ। ਸਾਨੂੰ ਇਹ ਜਾਨਣਾ ਜ਼ਰੂਰੀ ਨਹੀਂ ਕਿ ਉਨ੍ਹਾਂ ਦੇ ਬੱਚਤ ਖਾਤੇ ਵਿਚ ਕਿਤਨੀ ਰਕਮ ਹੈ।

## ਤੁਹਾਡੇ ਨਾਲ ਰਹਿਣ ਵਾਲੇ ਦੂਸਰੇ ਲੋਕਾਂ ਸਬੰਧੀ ਕਿਵੇਂ ਹੋਵੇਗਾ?

ਤੁਹਾਡੇ ਬੈਨੀਫਿਟ ਦਾ ਹਿਸਾਬ ਲਗਾਉਣ ਲਈ ਸਾਨੂੰ ਜਾਨਣਾ ਪਵੇਗਾ ਕਿ ਤੁਹਾਡੇ ਨਾਲ ਹੋਰ ਕੌਣ ਕੌਣ ਰਹਿੰਦਾ ਹੈ। “ਮੈਨੂੰ ਕਿਤਨਾ ਹਾਊਸਿੰਗ ਬੈਨੀਫਿਟ ਅਤੇ ਕੌਂਸਲ ਟੈਕਸ ਬੈਨੀਫਿਟ ਮਿਲੇਗਾ?” ਵਾਲੇ ਭਾਗ ਵਿਚ ਵਧੇਰੇ ਵੇਰਵਾ ਦਿੱਤਾ ਗਿਆ ਹੈ।

ਜੇ ਤੁਹਾਡੇ ਨਾਲ ਕੋਈ ਬੱਚਾ ਜਿਸ ਵਾਸਤੇ ਤੁਹਾਨੂੰ ਚਾਇਲਡ ਬੈਨੀਫਿਟ ਨਹੀਂ ਮਿਲਦਾ ਜਾਂ ਦੂਸਰੇ ਬਾਲਗ ਤੁਹਾਡੇ ਨਾਲ ਰਹਿੰਦੇ ਹਨ ਤਾਂ ਹੋ ਸਕਦਾ ਹੈ ਕਿ ਤੁਹਾਨੂੰ ਹਾਊਸਿੰਗ ਬੈਨੀਫਿਟ ਜਾਂ ਕੌਂਸਲ ਟੈਕਸ ਬੈਨੀਫਿਟ (ਜਾਂ ਦੋਨੋਂ) ਘੱਟ ਮਿਲਣ। ਸਾਨੂੰ ਇਹ ਹੀ ਸੋਚਣਾ ਪਵੇਗਾ ਕਿ ਉਹ ਤੁਹਾਡੇ ਕਿਰਾਏ ਅਤੇ ਕੌਂਸਲ ਟੈਕਸ ਦਾ ਭੁਗਤਾਨ ਕਰਦੇ ਹਨ, ਭਾਵੇਂ ਉਹ ਨਾ ਹੀ ਕਰਦੇ ਹੋਣ। ‘ਜੇ ਮੇਰੇ ਨਾਲ ਹੋਰ ਲੋਕ ਰਹਿੰਦੇ ਹੋਣ ਤਾਂ ਕੀ ਮੈਨੂੰ ਘੱਟ ਬੈਨੀਫਿਟ ਮਿਲੇਗਾ?’ ਵਾਲੇ ਸੈਕਸ਼ਨ ਵਿਚ ਵਧੇਰੇ ਵੇਰਵਾ ਦਿੱਤਾ ਗਿਆ ਹੈ।

## ਜੇ ਮੇਰੇ ਨਾਲ ਮੇਰਾ ਜੀਵਨ ਸਾਥੀ ਵੀ ਹੈ ਤਾਂ ਕੀ ਸਾਨੂੰ ਦੋਵਾਂ ਨੂੰ ਹੀ ਕਲੇਮ ਫਾਰਮ ਭਰਨਾ ਪਵੇਗਾ?

ਨਹੀਂ, ਤੁਹਾਨੂੰ ਇਕ ਹੀ ਫਾਰਮ ਭਰਨਾ ਪਵੇਗਾ ਪਰ ਇਸ ਉਤੇ ਤੁਹਾਨੂੰ ਦੋਹਾਂ ਨੂੰ ਦਸਤਖਤ ਕਰਨੇ ਪੈਣਗੇ।

## ਜੇ ਮੇਰਾ ਜੀਵਨ ਸਾਥੀ ਕੰਮ ਕਰਦਾ ਹੈ ਅਤੇ ਮੈਂ ਨਹੀਂ ਕਰਦਾ ਤਾਂ ਕੀ ਮੈਂ ਆਪਣੇ ਲਈ ਕਲੇਮ ਕਰ ਸਕਦਾ ਹਾਂ?

ਨਹੀਂ, ਜਦੋਂ ਤੁਸੀਂ ਕਲੇਮ ਕਰੋ ਤਾਂ ਅਸੀਂ ਤੁਹਾਡੇ ਜੀਵਨ ਸਾਥੀ ਬਾਰੇ ਜਾਨਣਾ ਚਾਹਾਂਗੇ। ਅਸੀਂ ਤੁਹਾਡੇ ਬੈਨੀਫਿਟ ਦਾ ਹਿਸਾਬ ਤੁਹਾਡੀ ਸਾਂਝੀ ਆਮਦਨ ਅਨੁਸਾਰ ਲਗਾਉਂਦੇ ਹਾਂ।

## ਮੇਰਾ ਹਾਊਸਿੰਗ ਬੈਨੀਫਿਟ ਕਿਤਨੇ ਕਿਰਾਏ ਨੂੰ ਕਵਰ ਕਰੇਗਾ?

ਜੇ ਤੁਹਾਡੇ ਕਿਰਾਏ ਵਿਚ ਸਰਵਸਿਜ ਦੇ ਚਾਰਜ ਸ਼ਾਮਲ ਹਨ ਤਾਂ ਤੁਹਾਡੇ ਹਾਊਸਿੰਗ ਬੈਨੀਫਿਟ ਦਾ ਹਿਸਾਬ ਲਗਾਉਣ ਲਈ ਸਾਨੂੰ ਇਹ ਵਿਚੋਂ ਕੱਢਣ ਦੀ ਲੋੜ ਪੈ ਸਕਦੀ ਹੈ।

ਅਸੀਂ ਇਹ ਵੀ ਚੈੱਕ ਕਰਾਂਗੇ ਕਿ ਕਿਤੇ ਤੁਹਾਡਾ ਕਿਰਾਇਆ ਬਹੁਤ ਜ਼ਿਆਦਾ ਤਾਂ ਨਹੀਂ। ਜੇ ਇਹ ਜ਼ਿਆਦਾ ਹੋਇਆ ਤਾਂ ਅਸੀਂ ਤੁਹਾਡੇ ਬੈਨੀਫਿਟ ਦਾ ਹਿਸਾਬ ਲਗਾਉਣ ਲਈ ਛੋਟੇ ਅੰਕੜੇ ਦੀ ਵਰਤੋਂ ਕਰਾਂਗੇ। ਕਈ ਕੇਸਾਂ ਵਿਚ ਜੇ ਤੁਹਾਡੇ ਪਰਵਾਰ ਵਾਸਤੇ ਤੁਹਾਡਾ ਘਰ ਬਹੁਤ ਵੱਡਾ ਹੋਵੇ ਤਾਂ ਸਾਨੂੰ ਕਿਰਇਆ ਘਟਾਉਣਾ ਹੀ ਪਵੇਗਾ।

## ਤੁਸੀਂ ਇਹ ਫੈਸਲਾ ਕਿਵੇਂ ਕਰਦੇ ਹੋ ਕਿ ਮੇਰਾ ਕਿਰਾਇਆ ਬਹੁਤ ਜ਼ਿਆਦਾ ਹੈ?

ਹਾਊਸਿੰਗ ਬੈਨੀਫਿਟ ਦੀ ਤੁਹਾਨੂੰ ਮਿਲ ਸਕਣ ਵਾਲੀ ਰਕਮ ਦੀ ਸੀਮਾ ਰੈਂਟ ਸਰਵਿਸ ਨਿਸ਼ਚਤ ਕਰਦੀ ਹੈ। ਇਹ ਤੁਹਾਡੇ ਵਲੋਂ ਦਿੱਤੇ ਜਾਣ ਵਾਲੇ ਕਿਰਾਏ ਦੀ ਰਕਮ ਤੇ ਨਿਰਭਰ ਨਹੀਂ ਹੋਵੇਗੀ। ਜ਼ਿਆਦਾਤਰ ਹਾਊਸਿੰਗ ਬੈਨੀਫਿਟ ਜੋ ਤੁਹਾਨੂੰ ਮਿਲ ਸਕਦਾ ਹੈ ਉਸਦੀ ਰਕਮ ਤੁਹਾਡੇ ਰਹਿਣ ਵਾਲੇ ਸਮੁੱਚੇ ਇਲਾਕੇ ਵਿਚਲੇ ਤੁਹਾਡੇ ਘਰਾਣੇ ਦੇ ਆਕਾਰ ਦੇ ਸਭ ਘਰਾਣਿਆਂ ਦੇ ਬਰਾਬਰ ਹੋਵੇਗੀ, ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਤੁਸੀਂ ਜਾਂ ਦੂਸਰੇ ਘਰਾਣੇ ਕਿਤਨਾ ਕਿਰਾਇਆ ਦਿੰਦੇ ਹੋ।

ਰੈਂਟ ਸਰਵਿਸ ਸਾਡੇ ਤੋਂ ਸੁਤੰਤਰ ਹੈ।

## 25 ਸਾਲ ਨਾਲੋਂ ਘੱਟ ਉਮਰ ਦੇ ਲੋਕਾਂ ਵਾਸਤੇ ਵਿਸ਼ੇਸ਼ ਨਿਯਮ

ਜੇ ਤੁਸੀਂ 25 ਸਾਲ ਨਾਲੋਂ ਘੱਟ ਉਮਰ ਦੇ ਸਿੰਗਲ ਵਿਅਕਤੀ ਹੋ ਤਾਂ ਅਸੀਂ ਤੁਹਾਡੇ ਬੈਨੀਫਿਟ ਦਾ ਹਿਸਾਬ ਸਾਂਝੀ ਰਹਾਇਸ਼ ਵਿਚ ਇਕ ਬੈੱਡਰੂਮ ਦੇ ਸਟੈਂਡਰਡ ਰੇਟ ਅਨੁਸਾਰ ਲਗਾਵਾਂਗੇ। ਇਹ ਇਕ ਕਮਰਾ ਜਾਂ ਬੈੱਡਸਿੱਟ ਕਿਰਾਏ ਤੇ ਲੈ ਸਕਣ ਦੀ

ਔਸਤਨ ਰਕਮ ਹੁੰਦਾ ਹੈ। ਜੇ ਤੁਸੀਂ ਪਹਿਲਾਂ ਤੋਂ ਇਕ ਨਾਲੋਂ ਵੱਧ ਕਮਰੇ ਕਿਰਾਏ ਤੇ ਲੈ ਰੱਖੇ ਹਨ ਤਾਂ ਆਪਣੀ ਲੋਕਲ ਕੌਂਸਲ ਨਾਲ ਸੰਪਰਕ ਕਰੋ।

## ਕੀ ਮੈਂ ਨਵੀਂ ਰਿਹਾਇਸ਼ ਵਿਚ ਜਾਣ ਤੋਂ ਪਹਿਲਾਂ ਪਤਾ ਕਰ ਸਕਦਾ ਹਾਂ ਕਿ ਮੇਰੇ ਹਾਊਸਿੰਗ ਬੈਨੀਫਿਟ ਦਾ ਹਿਸਾਬ ਲਗਾਉਣ ਲਈ ਕਿਤਨਾ ਕਿਰਾਇਆ ਮਿਥਿਆ ਜਾਵੇਗਾ?

ਹਾਂ। ਅਸੀਂ ਤੁਹਾਡੇ ਰਹਿਣ ਵਾਲੇ ਇਲਾਕੇ ਵਿਚ ਤੁਹਾਨੂੰ ਲੋੜੀਂਦੇ ਕਮਰਿਆਂ ਦੀ ਗਿਣਤੀ ਅਨੁਸਾਰ ਲੋਕਲ ਹਾਊਸਿੰਗ ਅਲਾਊਂਸ (ਐਲ.ਐਚ.ਏ.) ਦੀ ਦਰ ਦੇ ਅਧਾਰ ਤੇ ਤੁਹਾਡੇ ਹਾਊਸਿੰਗ ਬੈਨੀਫਿਟ ਦਾ ਹਿਸਾਬ ਲਗਾਵਾਂਗੇ। ਰੈਂਟ ਸਰਵਿਸ ਹਰ ਮਹੀਨੇ ਨਵੇਂ ਐਲ.ਐਚ.ਏ. ਦਰ ਪ੍ਰਕਾਸ਼ਤ ਕਰੇਗੀ। ਵਧੇਰੇ ਜਾਣਕਾਰੀ ਵਾਸਤੇ 'ਏ ਗਾਈਡ ਟੂ ਲੋਕਲ ਹਾਊਸਿੰਗ ਅਲਾਊਂਸ' ਦੇਖੋ।

ਲੋਕਲ ਹਾਊਸਿੰਗ ਅਲਾਊਂਸ ਦੇ ਪ੍ਰਭਾਵ ਹੇਠ ਨਾ ਆਉਣ ਵਾਲੀਆਂ ਕਿਰਾਏਦਾਰੀਆਂ ਵਾਸਤੇ ਤੁਸੀਂ ਕਿਰਾਏ ਤੇ ਲੈਣ ਦਾ ਫੈਸਲਾ ਕਰਨ ਤੋਂ ਪਹਿਲਾਂ ਪਤਾ ਕਰ ਸਕਦੇ ਹੋ ਕਿ ਅਸੀਂ ਤੁਹਾਡੇ ਹਾਊਸਿੰਗ ਬੈਨੀਫਿਟ ਦਾ ਹਿਸਾਬ ਲਗਾਉਣ ਵਾਸਤੇ ਕਿਤਨੇ ਕਿਰਾਏ ਦੀ ਵਰਤੋਂ ਕਰਾਂਗੇ। ਤੁਸੀਂ ਇਹ ਕੰਮ ਪ੍ਰੀ-ਟੈਂਨਸੀ ਡਿਟਰਮੀਨੇਸ਼ਨ (ਪੀ.ਟੀ.ਡੀ.) ਫਾਰਮ ਭਰ ਕੇ ਕਰ ਸਕਦੇ ਹੋ, ਜੋ ਤੁਸੀਂ ਸਾਡੇ ਕੋਲੋਂ ਪ੍ਰਾਪਤ ਕਰ ਸਕਦੇ ਹੋ। ਸਾਡਾ ਸੰਪਰਕ ਵੇਰਵਾ ਤੁਹਾਡੇ ਕੌਂਸਲ ਟੈਕਸ ਬਿੱਲ ਉਤੇ ਜਾਂ ਤੁਹਾਡੀ ਲੋਕਲ ਫੋਨ ਬੁੱਕ ਵਿਚ ਦਰਜ਼ ਹੈ।

ਪ੍ਰੀ-ਟੈਂਨਸੀ ਡਿਟਰਮੀਨੇਸ਼ਨ ਦਾ ਅਰਥ ਇਹ ਨਹੀਂ ਕਿ ਹਾਊਸਿੰਗ ਬੈਨੀਫਿਟ ਤੁਹਾਨੂੰ ਲਾਜ਼ਮੀ ਹੀ ਮਿਲੇਗਾ। ਤੁਹਾਨੂੰ ਫਿਰ ਵੀ ਕਲੇਮ ਫਾਰਮ ਭਰਨਾ ਅਤੇ ਸਾਨੂੰ ਲੋੜੀਂਦੇ ਸਬੂਤ ਪੇਸ਼ ਕਰਨੇ ਪੈਣਗੇ।

## ਹਾਊਸਿੰਗ ਬੈਨੀਫਿਟ ਕਿਹੜੇ ਚਾਰਜਾਂ ਨੂੰ ਕਵਰ ਨਹੀਂ ਕਰਦਾ?

- **ਗੈਸ ਅਤੇ ਬਿਜਲੀ ਚਾਰਜ**

ਹਾਊਸਿੰਗ ਬੈਨੀਫਿਟ ਹੀਟਿੰਗ, ਲਾਈਟਿੰਗ, ਗਰਮ ਪਾਣੀ ਜਾਂ ਖਾਣਾ ਪਕਾਉਣ ਦੇ ਚਾਰਜਾਂ ਨੂੰ ਕਵਰ ਨਹੀਂ ਕਰਦਾ। ਜੇ ਇਹ ਚਾਰਜ ਤੁਹਾਡੇ ਕਿਰਾਏ ਵਿਚ ਸ਼ਾਮਲ ਹਨ ਤਾਂ ਰੈਂਟ ਸਰਵਿਸ ਸਾਨੂੰ ਦੱਸੇਗੀ ਕਿ ਤੁਹਾਡੇ ਬੈਨੀਫਿਟ ਦਾ ਹਿਸਾਬ ਲਗਾਉਣ ਲਈ ਹਰ ਸਰਵਿਸ ਵਾਸਤੇ ਕਿਤਨੀ ਰਕਮ ਘਟਾਉਣੀ ਹੈ।

- **ਪਾਣੀ ਦੇ ਚਾਰਜ**

ਵਾਟਰ ਰੇਟਸ ਦਾ ਚਾਰਜ ਤੁਹਾਡੇ ਕਿਰਾਏ ਵਿਚੋਂ ਘਟਾਇਆ ਜਾਵੇਗਾ।

- **ਸਰਵਸਿਜ**

ਕੁੱਝ ਸਰਵਸਿਜ ਹਨ ਜਿਨ੍ਹਾਂ ਨੂੰ ਹਾਊਸਿੰਗ ਬੈਨੀਫਿਟ ਕਵਰ ਨਹੀਂ ਕਰਦਾ। ਇਸ ਵਿਚ ਖਾਣੇ (ਮੀਅਲਜ) ਅਤੇ ਕੱਪੜੇ ਧੋਣੇ (ਲਾਊਂਡਰੀ) ਸ਼ਾਮਲ ਹਨ। ਇਨ੍ਹਾਂ ਦੇ ਚਾਰਜ ਤੁਹਾਡੇ ਕਿਰਾਏ ਵਿਚੋਂ ਘਟਾਏ ਜਾਣਗੇ।

## ਹਾਊਸਿੰਗ ਬੈਨੀਫਿਟ ਰਾਹੀਂ ਕਿਹੜੀਆਂ ਸਰਵਸਿਜ ਕਵਰ ਕੀਤੀਆਂ ਜਾ ਸਕਦੀਆਂ ਹਨ?

ਜੇ ਤੁਹਾਨੂੰ ਆਪਣੀ ਟੈਂਨੰਸੀ ਐਗਰੀਮੈਂਟ ਦੇ ਅਧੀਨ ਉਨ੍ਹਾਂ ਦਾ ਭੁਗਤਾਨ ਕਰਨ ਪੈਂਦਾ ਹੈ ਤਾਂ ਕੁੱਝ ਚਾਰਜ ਤੁਹਾਡੇ ਕਿਰਾਏ ਵਿਚ ਸ਼ਾਮਲ ਕੀਤੇ ਜਾ ਸਕਦੇ ਹਨ।

ਇਨ੍ਹਾਂ ਵਿਚ ਇਹ ਚਾਰਜ ਸ਼ਾਮਲ ਹਨ:

- ਸਾਂਝੇ ਖੇਤਰਾਂ ਦੀ ਮੇਨਟਨੈਂਸ; ਅਤੇ
- ਸਟੇਅਰ ਕੇਸਿਜ ਅਤੇ ਲੈਂਡਿੰਗ ਵਰਗੇ ਸਾਂਝੇ ਥਾਵਾਂ ਦੀ ਸਫਾਈ ਅਤੇ ਰੋਸ਼ਨੀ।

## ਜੇ ਮੈਂ ਆਪਣੇ ਕੌਂਸਲ ਟੈਕਸ ਦਾ ਭੁਗਤਾਨ ਕਿਰਾਏ ਵਿਚ ਕਰਦਾ ਹੋਵਾਂ ਤਾਂ?

ਜੇ ਤੁਹਾਡੇ ਕਿਰਾਏ ਵਿਚ ਕੌਂਸਲ ਟੈਕਸ ਸ਼ਾਮਲ ਹੈ ਤਾਂ ਤੁਹਾਡੇ ਹਾਊਸਿੰਗ ਬੈਨੀਫਿਟ ਦਾ ਹਿਸਾਬ ਲਗਾਉਣ ਵਾਸਤੇ ਅਸੀਂ ਇਸਨੂੰ ਤੁਹਾਡੇ ਕਿਰਾਏ ਦਾ ਹੀ ਇਕ ਭਾਗ ਮੰਨਾਂਗੇ।

## ਮੈਨੂੰ ਹਾਊਸਿੰਗ ਬੈਨੀਫਿਟ ਅਤੇ ਕੌਂਸਲ ਟੈਕਸ ਕਿਤਨਾ ਮਿਲੇਗਾ?

ਜੇ ਤੁਹਾਨੂੰ ਇਨਕਮ-ਰੀਲੇਟਿਡ ਇੰਪਲਾਇਮਿੰਟ ਐਂਡ ਸੁਪੋਰਟ ਅਲਾਊਂਸ, ਇਨਕਮ ਸੁਪੋਰਟ ਜਾਂ ਇਨਕਮ-ਬੇਸਡ ਜਾਬਸੀਕਰਜ ਅਲਾਊਂਸ ਮਿਲਦਾ ਹੈ ਤਾਂ ਆਮਤੌਰ ਤੇ ਤੁਹਾਨੂੰ ਅਧਿਕਤਮ ਬੈਨੀਫਿਟ ਮਿਲੇਗਾ। ਇਹ ਰਕਮ ਤੁਹਾਡੇ ਅਧਿਕਤਮ ਰੈਂਟ ਲੈਵਲ ਅਤੇ ਪੂਰੇ ਕੌਂਸਲ ਟੈਕਸ, ਵਿਚੋਂ ਨਾਨ-ਡਿਪੈਂਡੰਟ ਚਾਰਜ ਘਟਾ ਕੇ, ਦੇ ਬਰਾਬਰ ਹੋਵੇਗੀ (ਦੇਖੋ 'ਜੇ ਮੇਰੇ ਨਾਲ ਹੋਰ ਲੋਕ ਰਹਿੰਦੇ ਹੋਣ ਤਾਂ ਕੀ ਮੈਨੂੰ ਘੱਟ ਬੈਨੀਫਿਟ ਮਿਲੇਗਾ?')

ਜੇ ਤੁਹਾਨੂੰ ਇਨਕਮ-ਰੀਲੇਟਿਡ ਇੰਪਲਾਇਮਿੰਟ ਐਂਡ ਸੁਪੋਰਟ ਅਲਾਊਂਸ, ਇਨਕਮ ਸੁਪੋਰਟ ਜਾਂ ਇਨਕਮ-ਬੇਸਡ ਜਾਬਸੀਕਰਜ ਅਲਾਊਂਸ ਨਹੀਂ ਮਿਲਦਾ ਤਾਂ ਬੈਨੀਫਿਟ ਦੀ ਰਕਮ ਤੁਹਾਡੇ ਘਰਾਣੇ ਦੇ ਆਕਾਰ (ਤੁਸੀਂ, ਤੁਹਾਡਾ ਜੀਵਨ ਸਾਥੀ ਅਤੇ ਤੁਹਾਡੇ ਬੱਚੇ) ਅਤੇ ਤੁਹਾਡੀ ਆਮਦਨ ਉਤੇ ਨਿਰਭਰ ਹੋਵੇਗੀ। ਜੇ ਤੁਸੀਂ ਜਾਂ ਤੁਹਾਡੇ ਪਰਵਾਰ ਵਿਚੋਂ ਕੋਈ ਅਪਾਹਜ ਹੈ ਤਾਂ ਸ਼ਾਇਦ ਤੁਹਾਨੂੰ ਵੱਧ ਬੈਨੀਫਿਟ ਮਿਲ ਸਕਦਾ ਹੋਵੇ।

ਤੁਹਾਡੇ ਘਰਾਣੇ ਦੇ ਆਕਾਰ ਦਾ ਅਸਰ ਤੁਹਾਡੇ ਕਲੇਮ ਵਾਸਤੇ 'ਲਾਗੂ ਹੋਣ ਯੋਗ ਰਕਮ', ਜੋ ਕਿ ਸਰਕਾਰ ਨਿਸ਼ਚਤ ਕਰੇਗੀ, ਉਤੇ ਪਵੇਗਾ। ਸਰਕਾਰ ਅਨੁਸਾਰ ਤੁਹਾਡੇ ਗੁਜ਼ਾਰੇ ਵਾਸਤੇ ਲੋੜੀਂਦੀ ਲਘੁਤਮ ਰਕਮ ਨੂੰ ਲਾਗੂ ਹੋਣ ਯੋਗ ਰਕਮ ਮੰਨਿਆ ਜਾਂਦਾ ਹੈ।

**ਲਾਗੂ ਹੋਣ ਯੋਗ ਰਕਮਾ ਦੀਆਂ ਕੁੱਝ ਉਦਾਹਰਨਾ ਹੇਠ ਦਿੱਤੀਆਂ ਜਾ ਰਹੀਆਂ ਹਨ।**

- **ਜੇ ਤੁਸੀਂ ਸਿੰਗਲ ਹੋ**
  - 25 ਸਾਲ ਤੋਂ ਘੱਟ — £51.85
  - ਘੱਟੋ ਘੱਟ 25 ਸਾਲ — £65.45
- **ਜੇ ਤੁਸੀਂ ਸਿੰਗਲ ਪੇਰੰਟ ਹੋ**
  - 18 ਸਾਲ ਤੋਂ ਘੱਟ — £51.85
  - ਘੱਟੋ ਘੱਟ 18 ਸਾਲ — £65.45
- **ਜੇ ਤੁਸੀਂ ਜੋੜਾ ਹੋ**
  - 18 ਸਾਲ ਤੋਂ ਘੱਟ — £78.30
  - ਇਕ ਜਾਂ ਦੋਨੋਂ ਘੱਟੋ ਘੱਟ 18 ਸਾਲ ਦੇ ਹੋ — £102.75
- **ਜੇ ਤੁਹਾਡਾ ਕੋਈ ਬੱਚਾ ਹੈ ਜਿਸ ਵਾਸਤੇ ਤੁਹਾਨੂੰ ਚਾਈਲਡ ਬੈਨੀਫਿਟ ਮਿਲਦਾ ਹੈ, ਤਾਂ ਹਰੇਕ ਬੱਚੇ ਵਾਸਤੇ ਹੇਠ ਲਿਖੇ ਦਰਜ਼ ਕਰੋ।**
  - 20 ਸਾਲ ਤੋਂ ਘੱਟ ਉਮਰ — £57.57
- **ਇਸ ਤੋਂ ਉਪਰ ਹੇਠਾਂ ਲਿਖਿਆਂ ਵਿਚੋਂ ਇਕ ਹੋਰ ਜੋੜ ਲਵੋ:**
  - ਸਿੰਗਲ ਪੇਰੰਟ ਜਾਂ ਫੈਮਲੀ ਵਾਸਤੇ — £17.40
  - ਫੈਮਲੀ ਜਾਂ ਸਿੰਗਲ ਪੇਰੰਟ ਅਤੇ 1 ਸਾਲ ਨਾਲੋਂ ਛੋਟੇ ਬੱਚੇ ਵਾਸਤੇ — £27.90

ਇਹ ਰਕਮ ਵਧ ਵੀ ਸਕਦੀ ਹੈ ਜੇ:
- ਤੁਸੀਂ ਜਾਂ ਤੁਹਾਡਾ ਜੀਵਨ ਸਾਥੀ ਅਪਾਹਜ ਹੋ;
- ਤੁਸੀਂ ਕਿਸੇ ਅਪਾਹਜ ਮਿੱਤਰ ਜਾਂ ਰਿਸ਼ਤੇਦਾਰ ਨੂੰ ਸੰਭਾਲਦੇ ਹੋ; ਜਾਂ
- ਤੁਹਾਡੇ ਕੋਲ 1 ਸਾਲ ਨਾਲੋਂ ਘੱਟ ਉਮਰ ਦਾ ਬੱਚਾ ਹੈ।

ਉਦਾਹਰਨਾ:
- ਤੁਸੀਂ 23 ਸਾਲ ਦੇ ਸਿੰਗਲ ਪੇਰੰਟ ਹੋ ਅਤੇ ਇਕੱਲੇ ਰਹਿੰਦੇ ਹੋ।
  ਤੁਹਾਡਾ ਅਲਾਊਂਸ ਹੋਵੇਗਾ £51.85.
- ਤੁਸੀਂ ਇਕ ਜੋੜਾ ਹੋ – ਤੁਹਾਡੇ ਵਿਚੋਂ ਇਕ 16 ਅਤੇ ਦੂਸਰਾ 19 ਸਾਲ ਦਾ ਹੈ।
  ਤੁਹਾਡਾ ਅਲਾਊਂਸ ਹੋਵੇਗਾ £102.75.
- ਤੁਸੀਂ ਇਕ ਜੋੜਾ ਹੋ ਅਤੇ ਤੁਹਾਡੇ ਕੋਲ ਇਕ ਸਾਲ ਤੋਂ ਵੱਧ ਉਮਰ ਦਾ ਇਕ ਬੱਚਾ।
  ਤੁਹਾਡਾ ਅਲਾਊਂਸ ਹੇਠ ਲਿਖੇ ਅਨੁਸਾਰ ਹੋਵੇਗਾ:
  - 18 ਸਾਲ ਤੋਂ ਉਪਰ ਜੋੜਾ — £102.75

| | |
|---|---|
| 20 ਸਾਲ ਨਾਲੋਂ ਛੋਟਾ ਬੱਚਾ | £57.57 |
| ਪਰਵਾਰ (1ਸਾਲ ਤੋਂ ਛੋਟਾ ਬੱਚਾ ਨਹੀਂ) | £17.40 |
| ਕੁੱਲ ਅਲਾਊਂਸ | **£177.72** |

**ਅਸੀਂ ਬੈਨੀਫਿਟ ਦਾ ਹਿਸਾਬ ਇਸ ਤਰਾਂ ਲਗਾਉਂਦੇ ਹਾਂ:**

- ਜੇ ਤੁਹਾਡੀ ਅਸਲ ਆਮਦਨ (ਟੈਕਸ ਅਤੇ ਨੈਸ਼ਨਲ ਇੰਸ਼ੋਰੈਂਸ ਕੱਟਣ ਤੋਂ ਬਾਅਦ) ਲਾਗੂ ਹੋਣ ਯੋਗ ਰਕਮ ਨਾਲੋਂ ਵੱਧ ਨਹੀਂ ਹੈ ਤਾਂ ਤੁਹਾਨੂੰ ਅਧਿਕਤਮ ਬੈਨੀਫਿਟ ਮਿਲੇਗਾ।ਇਹ ਰਕਮ ਤੁਹਾਡੇ ਅਧਿਕਤਮ ਰੈਂਟ ਲੈਵਲ ਅਤੇ ਪੂਰੇ ਕੌਂਸਲ ਟੈਕਸ, ਵਿਚੋਂ ਨਾਨ-ਡਿਪੈਂਡੰਟ ਚਾਰਜ ਘਟਾ ਕੇ, ਦੇ ਬਰਾਬਰ ਹੋਵੇਗੀ
- ਜੇ ਤੁਹਾਡੀ ਹਫਤਾਵਾਰੀ ਅਸਲ ਆਮਦਨ ਲਾਗੂ ਹੋਣ ਯੋਗ ਰਕਮ ਨਾਲੋਂ ਵੱਧ ਹੈ ਤਾਂ ਤੁਹਾਨੂੰ ਤੁਹਾਡੀ ਆਮਦਨ ਦੇ ਹਿਸਾਬ ਨਾਲ ਘੱਟ ਬੈਨੀਫਿਟ ਮਿਲੇਗਾ।
- ਜੇ ਤੁਹਾਡੇ ਘਰ ਵਿਚ ਕੋਈ ਦੂਸਰੇ ਬਾਲਗ ਵਿਅਕਤੀ ਰਹਿੰਦੇ ਹੋਣਗੇ ਤਾਂ ਤੁਹਾਨੂੰ ਮਿਲਣ ਵਾਲੇ ਹਾਊਸਿੰਗ ਬੈਨੀਫਿਟ ਅਤੇ ਕੌਂਸਲ ਟੈਕਸ ਬੈਨੀਫਿਟ ਦੀ ਰਕਮ ਘਟ ਸਕਦੀ ਹੈ।

## ਬੈਨੀਫਿਟ ਜੋ ਤੁਹਾਨੂੰ ਹਰ ਹਫਤੇ ਮਿਲ ਸਕਦੇ ਹਨ

ਅਗਲੇ ਪੰਨੇ ਉਪਰਲੇ ਚਾਰਟ ਤੁਹਾਨੂੰ ਬੈਨੀਫਿਟ ਦੀ ਮਿਲ ਸਕਣ ਵਾਲੀ ਰਕਮ ਬਾਰੇ ਗਾਈਡ ਦਿੰਦੇ ਹਨ। ਜੇ ਤੁਹਾਨੂੰ ਪੱਕਾ ਪਤਾ ਨਹੀਂ ਕਿ ਤੁਹਾਨੂੰ ਬੈਨੀਫਿਟ ਮਿਲ ਸਕਦਾ ਹੈ ਜਾਂ ਨਹੀਂ ਤਾਂ ਆਪਣੀ ਲੋਕਲ ਕੌਂਸਲ ਨਾਲ ਸੰਪਰਕ ਕਰੋ ਜਾਂ ਕਲੇਮ ਕਰ ਦੇਵੋ। ਜੇ ਇਹ ਚਾਰਟ ਤੁਹਾਡੀਆਂ ਸਥਿਤੀਆਂ ਨੂੰ ਕਵਰ ਨਹੀਂ ਕਰਦੇ ਤਾਂ ਆਪਣੀ ਲੋਕਲ ਕੌਂਸਲ ਨਾਲ ਸੰਪਰਕ ਕਰੋ। ਹੇਠਲੇ ਨੋਟ ਇਨ੍ਹਾਂ ਚਾਰਟਾਂ ਨੂੰ ਸਮਝ ਸਕਣ ਵਿਚ ਮਦਦ ਕਰਨਗੇ। ਪੱਕ ਕਰ ਲਵੋ ਕਿ ਤੁਸੀਂ ਆਪਣੀ ਉਮਰ ਦੇ ਹਿਸਾਬ ਨਾਲ ਸਹੀ ਚਾਰਟ ਵਰਤ ਰਹੇ ਹੋ।

**1** ਚਾਰਟ ਦੀ ਸਾਈਡ ਤੇ ਆਪਣੀ ਆਮਦਨ ਦੀ ਦਰ ਦੇਖੋ। ਹਫਤਾਵਾਰੀ ਆਮਦਨ ਉਹ ਹੈ ਜੋ ਤੁਹਾਨੂੰ ਟੈਕਸ ਅਤੇ ਨੈਸ਼ਨਲ ਇੰਸ਼ੋਰੈਂਸ ਕੱਟਣ ਤੋਂ ਬਾਅਦ ਮਿਲਦੀ ਹੈ। ਆਮਦਨ ਦੇ ਇਸ ਅੰਕੜੇ ਵਿਚ ਹਰ ਤਰਾਂ ਦੀ ਆਮਦਨ ਸ਼ਾਮਲ ਹੈ ਜਿਵੇਂ ਕਿ ਤਨਖਾਹ, ਮੇਨਟਨੈਂਸ ਪੇਮਿੰਟਸ, ਬੈਨੀਫਿਟਸ ਅਤੇ ਸੇਵਿੰਗਜ। ਤੁਹਾਡੇ ਬੈਨੀਫਿਟ ਵਿਚ ਫਰਕ ਪੈਣਾ ਸ਼ੁਰੂ ਹੋਣ ਤੋਂ ਪਹਿਲਾਂ ਤੁਹਾਨੂੰ ਇਕ ਨਿਸ਼ਚਤ ਰਕਮ ਕਮਾਉਣ ਦੀ ਇਜਾਜ਼ਤ ਹੈ। ਜੋ ਰਕਮ ਕਮਾਉਣ ਦੀ ਤੁਹਾਨੂੰ ਇਜਾਜ਼ਤ ਹੈ ਉਸਨੂੰ 'ਡਿਸਰਿਗਾਰਡ' ਕਿਹਾ ਜਾਂਦਾ ਹੈ। ਹੇਠ ਲਿਖੀਆਂ ਉਦਾਹਰਨਾ ਤੋਂ ਪਤਾ ਚੱਲਦਾ ਹੈ ਕਿ ਬੈਨੀਫਿਟ ਵਿਚ ਫਰਕ ਪੈਣ ਤੋਂ ਪਹਿਲਾਂ ਤੁਸੀਂ ਕੀ ਕਮਾ ਸਕਦੇ ਹੋ।

- ਜੇ ਤੁਸੀਂ ਸਿੰਗਲ ਵਿਅਕਤੀ ਹੋ ਤਾਂ ਤੁਹਾਡੀ ਤਨਖਾਹ ਦੇ ਪਹਿਲੇ 5 ਪੌਂਡ ਨਹੀਂ ਗਿਣੇ ਜਾਂਦੇ।
- ਜੇ ਤੁਸੀਂ ਜੋੜਾ ਹੋ ਤਾਂ ਤੁਹਾਡੀ ਤਨਖਾਹ ਦੇ 10 ਪੌਂਡ ਨਹੀਂ ਗਿਣੇ ਜਾਂਦੇ।
- ਅਸੀਂ ਇਸ ਬੈਨੀਫੱਟ ਦੀ ਪੂਰੀ ਰਾਸ਼ੀ ਤੇ ਧਿਆਨ ਨਹੀਂ ਦਿੰਦੇ (ਡਿਸਰੀਗਾਰਡ ਕਰਨਾ), ਜੇ ਤੁਸੀਂ ਕਿਸੇ ਬੱਚੇ ਦੀ ਜ਼ਿੰਮੇਵਾਰੀ ਰੱਖਦੇ ਹੋ ਅਤੇ ਉਹਨਾਂ ਦੀ ਦੇਖਭਾਲ ਲਈ ਤੁਹਾਨੂੰ ਚਾਇਲਡ ਬੈਨੀਫਿੱਟ (ਬੱਚਿਆਂ ਦਾ ਭੱਤਾ) ਮਿਲਦਾ ਹੈ,
- ਜੇ ਤੁਹਾਨੂੰ ਡਿਸੇਬਿਲਟੀ ਲਿਵਿੰਗ ਅਲਾਊਂਸ ਜਾਂ ਅਟੈਂਡੰਸ ਅਲਾਊਂਸ ਮਿਲਦਾ ਹੈ ਤਾਂ ਇਹ ਬੈਨੀਫਿਟ ਦੀ ਕੁੱਲ ਰਕਮ ਨਹੀਂ ਗਿਣੀ ਜਾਵੇਗੀ।
- ਜੇ ਤੁਹਾਨੂੰ ਪਰਵਾਰ ਵਾਸਤੇ ਅਲਾਊਂਸ ਮਿਲਦਾ ਹੈ ਅਤੇ ਤੁਸੀਂ ਹਫਤੇ ਵਿਚ 30 ਘੰਟੇ (ਅਤੇ ਕੁੱਝ ਹਾਲਤਾਂ ਵਿਚ 16 ਘੰਟੇ) ਨਾਲੋਂ ਵੱਧ ਸਮਾਂ ਕੰਮ ਕਰਦੇ ਹੋ ਤਾਂ 17.10 ਪੈਨੀਆਂ ਨਹੀਂ ਗਿਣੀਆਂ ਜਾਂਦੀਆਂ।
- ਜੇ ਤੁਸੀਂ 11 ਸਾਲ ਤੋਂ ਛੋਟੇ ਬੱਚੇ ਦੀ ਚਾਇਲਡਕੇਅਰ ਵਾਸਤੇ ਭੁਗਤਾਨ ਕਰਦੇ ਹੋ ਤਾਂ ਤੁਹਾਡੀ ਆਮਦਨ ਵਿਚੋਂ 175 ਪੌਂਡ ਤੱਕ ਦੀ ਰਕਮ ਨਜ਼ਰਅੰਦਾਜ਼ ਕੀਤੀ ਜਾ ਸਕਦੀ ਹੈ। ਦੋ ਜਾਂ ਵੱਧ ਬੱਚਿਆਂ ਵਾਸਤੇ ਇਹ 300 ਪੌਂਡ ਤੱਕ ਵਧ ਸਕਦੀ ਹੈ।
- ਜੇ ਤੁਹਾਡੀ ਜਿੰਮੇਵਾਰੀ ਵਿਚ ਆਉਣ ਵਾਲੇ ਕਿਸੇ ਬੱਚੇ ਵਾਸਤੇ ਤੁਹਾਨੂੰ ਮੇਨਟਨੈਂਸ ਮਿਲਦਾ ਹੈ ਤਾਂ ਇਸ ਆਮਦਨ ਦੀ ਪੂਰੀ ਰਕਮ ਨਜ਼ਰਅੰਦਾਜ਼ ਕਰ ਦਿੱਤੀ ਜਾਂਦੀ ਹੈ।

ਜੇ ਤੁਹਾਨੂੰ ਪਤਾ ਨਹੀਂ ਕਿ ਤੁਹਾਡੇ ਕੇਸ ਵਿਚ 'ਡਿਸਰਿਗਾਰਡ' ਲਾਗੂ ਹੁੰਦਾ ਹੈ ਜਾਂ ਨਹੀਂ ਤਾਂ ਸਲਾਹ ਲੈਣ ਲਈ ਆਪਣੀ ਲੋਕਲ ਕੌਂਸਲ ਨਾਲ ਸੰਪਰਕ ਕਰੋ।

**2** ਚਾਰਟ ਦੇ ਹੇਠਾਂ ਆਪਣੇ ਕਿਰਾਏ ਜਾਂ ਕੌਂਸਲ ਟੈਕਸ ਦੀ ਦਰ ਦੇਖੋ। ਜੇ ਤੁਸੀਂ ਕਿਸੇ ਪ੍ਰਾਈਵੇਟ ਲੈਂਡਲਾਰਡ ਨੂੰ ਕਿਰਾਇਆ ਦਿੰਦੇ ਹੋ ਤਾਂ ਹਾਊਸਿੰਗ ਬੈਨੀਫਿਟ ਤੁਹਾਡੇ ਲੈਂਡਲਾਰਡ ਵਲੋਂ ਚਾਰਜ ਕੀਤੇ ਜਾਣ ਵਾਲੇ ਕਿਰਾਏ ਨਾਲ ਘੱਟ ਰਕਮ ਤੇ ਸੀਮਤ

ਰਹਿ ਸਕਦਾ ਹੈ (ਦੇਖੋ 'ਮੇਰਾ ਹਾਊਸਿੰਗ ਬੈਨੀਫਿਟ ਕਿਤਨਾ ਕਿਰਾਇਆ ਕਵਰ ਕਰੇਗਾ')। ਵਧੇਰੇ ਸਲਾਹ ਮਸ਼ਵਰੇ ਲਈ ਆਪਣੀ ਲੋਕਲ ਕੌਂਸਲ ਨਾਲ ਸੰਪਰਕ ਕਰੋ।

**3** ਚਾਰਟ ਦੇ ਵਿਚ ਨੂੰ ਉਪਰ ਅਤੇ ਸਾਹਮਣੇ ਵੱਲ ਨੂੰ ਪੜ੍ਹੋ।

**4** ਜੇ ਤੁਸੀਂ ਹਾਊਸਿੰਗ ਬੈਨੀਫਿਟ ਚਾਰਟ ਵਿਚ ਸ਼ੇਡ ਕੀਤੇ ਹੋਏ ਖੇਤਰ ਵਿਚ ਆਉਂਦੇ ਹੋ ਤਾਂ ਸ਼ਾਇਦ ਤੁਹਾਨੂੰ ਹਾਊਸਿੰਗ ਬੈਨੀਫਿਟ ਮਿਲ ਸਕਦਾ ਹੋਵੇ। ਜੇ ਤੁਸੀਂ ਕੌਂਸਲ ਟੈਕਸ ਬੈਨੀਫਿਟ ਚਾਰਟ ਵਿਚ ਸ਼ੇਡ ਕੀਤੇ ਹੋਏ ਖੇਤਰ ਵਿਚ ਆਉਂਦੇ ਹੋ ਤਾਂ ਸ਼ਾਇਦ ਤੁਹਾਨੂੰ ਕੌਂਸਲ ਟੈਕਸ ਬੈਨੀਫਿਟ ਮਿਲ ਸਕਦਾ ਹੋਵੇ। ਜੇ ਤੁਸੀਂ ਸ਼ੇਡ ਕੀਤੇ ਹੋਏ ਖੇਤਰ ਤੋਂ ਬਾਹਰ ਰਹਿ ਜਾਂਦੇ ਹੋ ਤਾਂ ਤੁਹਾਨੂੰ ਬੈਨੀਫਿਟ ਮਿਲ ਸਕਣ ਦੀ ਘੱਟ ਸੰਭਾਵਨਾ ਹੈ। ਪਰ ਜੇ ਤੁਸੀਂ ਜਾਂ ਤੁਹਾਡਾ ਜੀਵਨ ਸਾਥੀ ਅਪਹਾਜ ਹੈ ਤਾਂ ਤੁਹਾਨੂੰ ਬੈਨੀਫਿਟ ਮਿਲ ਸਕਣ ਦੀ ਵੱਧ ਸੰਭਾਵਨਾ ਹੈ, ਇਸ ਕਰਕੇ ਤੁਹਾਨੂੰ ਕਲੇਮ ਕਰ ਦੇਣਾ ਚਾਹੀਦਾ ਹੈ।









### Council Tax Benefit chart for single people aged 25 and over




### Housing Benefit chart for single parent over 18 with one child under 20




### Council Tax Benefit chart for single parent over 18 with one child under 20




### Housing Benefit chart for couples aged 18 and over with one child under 20





Council Tax Benefit chart for couples aged 18 and over with one child under 20



Housing Benefit chart for couples aged 18 and over with two children under 20



Council Tax Benefit chart for couples aged 18 and over with two children under 20

## ਜੇ ਮੇਰੇ ਨਾਲ ਹੋਰ ਲੋਕ ਰਹਿੰਦੇ ਹੋਣ ਤਾਂ ਕੀ ਮੈਨੂੰ ਘੱਟ ਬੈਨੀਫਿਟ ਮਿਲੇਗਾ?

ਜੇ ਤੁਹਾਡੇ ਨਾਲ ਵੱਡੇ ਹੋ ਚੁੱਕੇ ਬੱਚੇ ਜਿਨ੍ਹਾਂ ਵਾਸਤੇ ਤੁਹਾਨੂੰ ਚਾਇਲਡ ਬੈਨੀਫਿਟ ਨਹੀਂ ਮਿਲਦਾ, ਜਾਂ ਦੂਸਰੇ ਬਾਲਗ ਜੋ ਕਿਰਾਇਆ ਨਹੀਂ ਦਿੰਦੇ ਰਹਿੰਦੇ ਹਨ ਤਾਂ ਹਾਊਸਿੰਗ ਬੈਨੀਫਿਟ ਅਤੇ ਕੌਂਸਲ ਟੈਕਸ ਬੈਨੀਫਿਟ ਘਟ ਜਾਵੇਗਾ। ਇਨ੍ਹਾਂ ਲੋਕਾਂ ਨੂੰ ਨਾਨ-ਡਿਪੈਂਡੰਟਸ ਕਿਹਾ ਜਾਂਦਾ ਹੈ।

ਅਸੀਂ ਆਮਤੌਰ ਤੇ ਹਾਊਸਿੰਗ ਬੈਨੀਫਿਟ ਅਤੇ ਕੌਂਸਲ ਟੈਕਸ ਬੈਨੀਫਿਟ ਵਿਚੋਂ ਇਕ ਫਿਕਸਡ ਰਕਮ ਘਟਾ ਦੇਵਾਂਗੇ। ਇਹ ਕਟੌਤੀ ਇਸ ਗੱਲ ਤੇ ਨਿਰਭਰ ਨਹੀਂ ਕਰਦੀ ਕਿ ਨਾਨ-ਡਿਪੈਂਡੰਟਸ ਕਿਤਨਾ ਭੁਗਤਾਨ ਕਰਦੇ ਹਨ, ਭਾਵੇਂ ਉਹ ਕੋਈ ਵੀ ਭੁਗਤਾਨ ਨਾ ਕਰਦੇ ਹੋਣ।

ਫਿਰ ਵੀ ਕੁਝ ਅਜਿਹੇ ਹਾਲਾਤ ਹਨ ਜਿਹਨਾਂ ਵਿੱਚ ਅਸੀਂ ਇਹ ਰਕਮ (ਪੈਸੇ) ਤੁਹਾਡੇ ਬੈਨੀਫਿੱਟ ਵਿੱਚੋਂ ਨਹੀਂ ਲਵਾਂਗੇ। ਇਹਨਾਂ ਦੇ ਵਿੱਚ ਸ਼ਾਮਿਲ ਹੈ ਜੇ ਤੁਹਾਨੂੰ ਜਾਂ ਤੁਹਾਡੇ ਪਾਟਨਰ ਨੂੰ:

- ਅਟੈਂਡੈਂਸ ਭੱਤਾ ਮਿਲਦਾ ਹੈ
- ਡਿਸੇਬਿਲਟੀ ਲਿਵਿੰਗ ਅਲਾਊਂਸ (ਦੇਖਭਾਲ ਵਿੱਚ ਸਹਾਇਕ (ਕੇਅਰ ਕੰਪੋਨੈਂਟ)) ਮਿਲਦਾ ਹੈ: ਜਾਂ
- ਰਜਿਸਟਰਡ ਅੰਨ੍ਹੇ ਹੋ।

## ਅਪ੍ਰੈਲ 2010 ਤੋਂ ਹਾਊਸਿੰਗ ਬੈਨੀਫਿਟ ਵਿਚੋਂ ਹਫਤਾਵਾਰੀ ਨਾਨ-ਡਿਪੈਂਡੰਟ ਕਟੌਤੀਆਂ ਇਸ ਪ੍ਰਕਾਰ ਹੋਣਗੀਆਂ।

ਜੇ ਨਾਨ-ਡਿਪੈਂਡੰਟ 16 ਘੰਟੇ ਜਾਂ ਵੱਧ ਪ੍ਰਤੀ ਹਫਤਾ ਕੰਮ ਕਰਦਾ ਹੈ ਤਾਂ ਇਹ ਚਾਰਜ ਲਗਾਏ ਜਾਂਦੇ ਹਨ, ਇਹ ਉਨ੍ਹਾਂ ਦੀ ਕੁੱਲ (ਟੈਕਸ ਅਤੇ ਨੈਸ਼ਨਲ ਇੰਸ਼ੋਰੈਂਸ ਕੱਟਣ ਤੋਂ ਪਹਿਲਾਂ) ਆਮਦਨ ਉਤੇ ਅਧਾਰਤ ਹਨ।

| ਨਾਨ-ਡਿਪੈਂਡੰਟ ਦੀ ਹਫਤਾਵਾਰੀ ਆਮਦਨ | ਕਟੌਤੀ |
|---|---|
| £120 ਨਾਲੋਂ ਘੱਟ | £7.40 |
| £120 to £177.99 | £17.00 |
| £178 to £230.99 | £23.35 |
| £231 to £305.99 | £38.20 |
| £306 to £381.99 | £43.50 |
| £382 ਜਾਂ ਵੱਧ | £47.75 |

ਜੇ ਨਾਨ-ਡਿਪੈਂਡੰਟ 25 ਸਾਲ ਤੋਂ ਉਪਰ ਹੋਵੇ ਅਤੇ ਇਨਕਮ-ਰੀਲੇਟਿਡ ਇੰਪਲਾਏਮਿੰਟ ਐਂਡ ਸੁਪੋਰਟ ਅਲਾਊਂਸ, ਇਨਕਮ ਸੁਪੋਰਟ, ਇਨਕਮ-ਬੇਸਡ ਜੌਬਸੀਕਰਜ ਅਲਾਊਂਸ, ਪੈਨਸ਼ਨ ਕ੍ਰੈਡਿਟ ਮਿਲਦਾ ਹੋਵੇ ਜਾਂ 18 ਸਾਲ ਤੋਂ ਉਪਰ ਅਤੇ ਕੰਮ ਤੋਂ ਵਿਹਲੇ ਹੋਣ ਤਾਂ ਅਸੀਂ £7.40 ਦੀ ਕਟੌਤੀ ਕਰਾਂਗੇ।

ਜੇ ਨਾਨ-ਡਿਪੈਂਡੰਟ 25 ਸਾਲ ਤੋਂ ਘੱਟ ਹੋਵੇ ਅਤੇ ਇਨਕਮ-ਰੀਲੇਟਿਡ ਇੰਪਲਾਏਮਿੰਟ ਐਂਡ ਸੁਪੋਰਟ ਅਲਾਊਂਸ, ਇਨਕਮ ਸੁਪੋਰਟ, ਇਨਕਮ-ਬੇਸਡ ਜੌਬਸੀਕਰਜ ਅਲਾਊਂਸ ਮਿਲਦਾ ਹੋਵੇ ਅਤੇ ਉਹ 18 ਸਾਲ ਤੋਂ ਛੋਟਾ ਜਾਂ ਕੁੱਲ ਵਕਤੀ ਵਿਦਿਆਰਥੀ ਹੋਵੇ ਤਾਂ ਅਸੀਂ ਕੋਈ ਕਟੌਤੀ ਨਹੀਂ ਕਰਾਂਗੇ।

### ਅਪ੍ਰੈਲ 2010 ਤੋਂ ਕੌਂਸਲ ਟੈਕਸ ਬੈਨੀਫਿਟ ਵਿਚੋਂ ਹਫਤਾਵਾਰੀ ਨਾਨ-ਡਿਪੈਂਡੰਟ ਕਟੌਤੀਆਂ ਇਸ ਪ੍ਰਕਾਰ ਹੋਣਗੀਆਂ।

ਜੇ ਨਾਨ-ਡਿਪੈਂਡੰਟ 16 ਘੰਟੇ ਜਾਂ ਵੱਧ ਪ੍ਰਤੀ ਹਫਤਾ ਕੰਮ ਕਰਦਾ ਹੈ ਤਾਂ ਇਹ ਚਾਰਜ ਲਗਾਏ ਜਾਂਦੇ ਹਨ, ਇਹ ਉਨ੍ਹਾਂ ਦੀ ਕੁੱਲ (ਟੈਕਸ ਅਤੇ ਨੈਸ਼ਨਲ ਇੰਸ਼ੋਰੈਂਸ ਕੱਟਣ ਤੋਂ ਪਹਿਲਾਂ) ਆਮਦਨ ਉਤੇ ਅਧਾਰਤ ਹਨ।

| ਨਾਨ-ਡਿਪੈਂਡੰਟ ਦੀ ਕੁੱਲ ਹਫਤਾਵਾਰੀ ਆਮਦਨ | ਕਟੌਤੀ |
|---|---|
| £178 ਨਾਲੋਂ ਘੱਟ | £2.30 |
| £178 to £305.99 | £4.60 |
| £306 to £381.99 | £5.80 |
| £382 ਜਾਂ ਵੱਧ | £6.95 |
| 18 ਸਾਲ ਜਾਂ ਵੱਧ ਉਮਰ ਵਾਲੇ ਦੂਸਰੇ | £2.30 |

ਜੇ ਨਾਨ-ਡਿਪੈਂਡੰਟ ਨੂੰ ਇਨਕਮ-ਰੀਲੇਟਿਡ ਇੰਪਲਾਏਮਿੰਟ ਅਲਾਊਂਸ, ਪੈਨਸ਼ਨ ਕ੍ਰੈਡਿਟ, ਇਨਕਮ ਸੁਪੋਰਟ ਜਾਂ ਇਨਕਮ-ਬੇਸਡ ਜੌਬਸੀਕਰਜ ਅਲਾਊਂਸ ਮਿਲਦਾ ਹੋਵੇ ਤਾਂ ਅਸੀਂ ਤੁਹਾਡੇ ਬੈਨੀਫਿਟ ਵਿਚੋਂ ਕੋਈ ਕਟੌਤੀ ਨਹੀਂ ਕਰਾਂਗੇ।

## ਜੇ ਮੈਂ ਵਿਦਿਆਰਥੀ ਹੋਵਾਂ ਤਾਂ?

ਬਹੁਤੇ ਵਿਦਿਆਰਥੀ ਹਾਊਸਿੰਗ ਬੈਨੀਫਿਟ ਜਾਂ ਕੌਂਸਲ ਟੈਕਸ ਬੈਨੀਫਿਟ (ਜਾਂ ਦੋਨਾਂ) ਦੇ ਹੱਕਦਾਰ ਨਹੀਂ ਹੁੰਦੇ। ਫਿਰ ਵੀ ਕੁੱਝ ਵਿਦਿਆਰਥੀਆਂ ਨੂੰ ਹਾਊਸਿੰਗ ਬੈਨੀਫਿਟ ਮਿਲ ਸਕਦਾ ਹੈ ਜੇ ਉਹ:

- ਸਿੰਗਲ ਪੇਰੰਟਸ ਹੋਣ;
- ਨਿਰਭਰ ਬੱਚਿਆਂ ਵਾਲਾ ਕੋਈ ਜੋੜਾ ਹੋਵੇ:
- ਅਪਾਹਜ ਹੋਣ; ਜਾਂ
- ਇਨਕਮ ਰੀਲੇਟਿਡ ਇੰਪਲਾਏਮੈਂਟ ਐਂਡ ਸੁਪੋਰਟ ਅਲਾਊਂਸ, ਇਨਕਮ ਸੁਪੋਰਟ ਜਾਂ ਇਨਕਮ ਬੇਸਡ ਜਾਬਸੀਕਰਜ ਅਲਾਊਂਸ ਮਿਲਦਾ ਹੋਵੇ।

ਜੇ ਤੁਸੀਂ ਇਕ ਵਿਦਿਆਰਥੀ ਹੋ ਅਤੇ ਜਾਨਣਾ ਚਾਹੁੰਦੇ ਹੋ ਤਾਂ ਸਾਡੀ ਵੈਬਸਾਈਟ www.benefit-leaflets.org ਉਤੇ **'ਵਿਦਿਆਰਥੀਆਂ ਵਾਸਤੇ ਹਾਊਸਿੰਗ ਬੈਨੀਫਿਟ ਅਤੇ ਕੌਂਸਲ ਟੈਕਸ ਬੈਨੀਫਿਟ ਸਬੰਧੀ ਇਕ ਗਾਈਡ'** ਲੀਫਲੈਟ ਦੇਖੋ ਜਾਂ ਸਲਾਹ ਲੈਣ ਲਈ ਆਪਣੀ ਲੋਕਲ ਕੌਂਸਲ ਨਾਲ ਸੰਪਰਕ ਕਰੋ।

## ਜੇ ਮੈਂ ਹਾਲ ਹੀ ਵਿਚ ਇਸ ਦੇਸ਼ ਵਿਚ ਆਇਆ ਹੋਵਾਂ ਜਾਂ ਮੇਰੇ ਪਾਸਪੋਰਟ ਉਤੇ ਵੀਜ਼ੇ ਦੀਆਂ ਪਾਬੰਦੀਆਂ ਹੋਣ ਤਾਂ?

ਜੇ ਤੁਸੀਂ ਜਾਂ ਤੁਹਾਡਾ ਜੀਵਨ ਸਾਥੀ ਵਿਦੇਸ਼ ਵਿਚ ਰਹਿਣ ਪਿੱਛੋਂ ਹਾਲ ਹੀ ਵਿਚ ਇਸ ਦੇਸ਼ ਵਿਚ ਆਏ ਹੋ, ਜਾਂ ਤੁਹਾਡੇ ਪਾਸਪੋਰਟ ਉਤੇ ਦਾਖਲੇ ਸਬੰਧੀ ਕੋਈ ਪਾਬੰਦੀਆਂ ਹਨ, ਤਾਂ ਸ਼ਾਇਦ ਤੁਸੀਂ ਹਾਊਸਿੰਗ ਬੈਨੀਫਿਟ ਜਾਂ ਕੌਂਸਲ ਟੈਕਸ ਬੈਨੀਫਿਟ ਦੇ ਹੱਕਦਾਰ ਨਹੀਂ ਹੋਵੋਗੇ। ਜਦੋਂ ਤੁਸੀਂ ਕਲੇਮ ਕਰੋਗੇ ਤਾਂ ਇਸ ਬਾਰੇ ਅਸੀਂ ਤੁਹਾਨੂੰ ਦੱਸ ਦੇਵਾਂਗੇ।

## ਮੇਰੇ ਬੈਨੀਫਿਟ ਦਾ ਭੁਗਤਾਨ ਕਿਵੇਂ ਕੀਤਾ ਜਾਵੇਗਾ?

**ਕੌਂਸਲ ਟੈਕਸ**
ਕੌਂਸਲ ਟੈਕਸ ਬੈਨੀਫਿਟ ਤੁਹਾਡੇ ਕੌਂਸਲ ਟੈਕਸ ਬਿੱਲ ਵਿਚੋਂ ਕੱਟ ਦਿੱਤਾ ਜਾਵੇਗਾ।

**ਸੈਕੰਡ ਐਡੱਲਟ ਰੀਬੇਟ**
ਸੈਕੰਡ ਐਡੱਲਟ ਰੀਬੇਟ ਤੁਹਾਡੇ ਕੌਂਸਲ ਟੈਕਸ ਬਿੱਲ ਵਿਚੋਂ ਕੱਟ ਦਿੱਤਾ ਜਾਵੇਗਾ।

**ਹਾਊਸਿੰਗ ਬੈਨੀਫਿਟ**
ਜੇ ਤੁਸੀਂ ਕੌਂਸਲ ਦੇ ਕਿਰਾਏਦਾਰ ਹੋ ਤਾਂ ਅਸੀਂ ਤੁਹਾਡਾ ਬੈਨੀਫਿਟ ਤੁਹਾਡੇ ਕਿਰਾਇਆ ਖਾਤੇ ਵਿਚ ਪਾ ਦੇਵਾਂਗੇ। ਜੇ ਤੁਸੀਂ ਪ੍ਰਾਈਵੇਟ ਕਿਰਾਏਦਾਰ ਹੋ ਤਾਂ ਅਸੀਂ ਇਹ ਪੈਸੇ ਤੁਹਾਡੀ ਬੈਂਕ ਖਾਤੇ ਵਿਚ ਜਮ੍ਹਾ ਕਰਵਾ ਦੇਵਾਂਗੇ।

## ਮੇਰਾ ਬੈਨੀਫਿਟ ਕਦੋਂ ਸ਼ੁਰੂ ਹੋਵੇਗਾ?

ਆਮਤੌਰ ਤੇ (ਇਨਕਮ-ਰੀਲੇਟਿਡ ਇੰਪਲਾਏਮਿੰਟ ਐਂਡ ਸੁਪੋਰਟ ਅਲਾਊਂਸ, ਕੌਂਸਲ ਟੈਕਸ ਬੈਨੀਫਿਟ ਵਾਸਤੇ ਆਪਣੀ ਲੋਕਲ ਕੌਂਸਲ ਕੋਲ ਜਾਂ ਇਨਕਮ ਸੁਪੋਰਟ ਜਾਂ ਇਨਕਮ-ਬੇਸਡ ਜਾਬਸੀਕਰਜ ਅਲਾਊਂਸ ਵਾਸਾਤੇ ਡਿਪਾਰਟਮੈਂਟ ਫੋਰ ਵਰਕ ਐਂਡ ਪੈਨਸ਼ਨਜ ਕੋਲ) ਤੁਹਾਡੇ ਵਲੋਂ ਕਲੇਮ ਕੀਤੇ ਜਾਣ ਤੋਂ ਬਾਅਦ ਆਉਣ ਵਾਲੇ ਸੋਮਵਾਰ ਤੋਂ ਅਸੀਂ ਬੈਨੀਫਿਟ ਅਦਾ ਕਰ ਦਿੰਦੇ ਹਾਂ।

ਜੇ ਤੁਸੀਂ ਕਿਸੇ ਦੁਬਿਧਾ ਵਿਚ ਹੋ ਤਾਂ ਆਪਣਾ ਕਲੇਮ ਫਾਰਮ ਤੁਰੰਤ ਆਪਣੀ ਲੋਕਲ ਕੌਂਸਲ ਨੂੰ ਭੇਜ ਦੇਵੋ, ਭਾਵੇਂ ਤੁਸੀਂ ਆਪਣੇ ਸਹਾਇਕ ਦਸਤਾਵੇਜ਼ਾਂ ਦੀ ਉਡੀਕ ਹੀ ਕਰ ਰਹੇ ਹੋਵੋ, ਨਹੀਂ ਤਾਂ ਤੁਸੀਂ ਬੈਨੀਫਿਟ ਤੋਂ ਵਾਂਝੇ ਰਹਿ ਸਕਦੇ ਹੋ। ਜੇ ਤੁਸੀਂ ਆਪਣੇ ਇਨਕਮ ਸੁਪੋਰਟ ਜਾਂ ਜੇ.ਐਸ.ਏ. (ਆਈ.ਬੀ.) ਦੇ ਫੈਸਲੇ ਦੀ ਉਡੀਕ ਕਰ ਰਹੇ ਹੋ ਤਾਂ ਵੀ ਤੁਹਾਨੂੰ ਆਪਣਾ ਕਲੇਮ ਫਾਰਮ ਆਪਣੀ ਲੋਕਲ ਕੌਂਸਲ ਨੂੰ ਭੇਜ ਦੇਣਾ ਚਾਹੀਦਾ ਹੈ।

## ਮੇਰਾ ਬੈਨੀਫਿਟ ਕਿਤਨੇ ਸਮੇਂ ਤੱਕ ਚੱਲੇਗਾ?

ਜਦੋਂ ਤੱਕ ਤੁਹਾਡੇ ਹਾਲਾਤ ਨਹੀਂ ਬਦਲ ਜਾਂਦੇ ਜਾਂ ਤੁਸੀਂ ਬੈਨੀਫਿਟ ਦੇ ਹੱਕਦਾਰ ਨਹੀਂ ਰਹਿ ਜਾਂਦੇ ਉਦੋਂ ਤੱਕ ਅਸੀਂ ਇਹ ਬੈਨੀਫਿਟ ਅਣਮਿਥੇ ਸਮੇਂ ਵਾਸਤੇ ਦੇਵਾਂਗੇ। ਹਾਲਾਤ ਬਦਲ ਜਾਣ ਤੇ ਅਸੀਂ ਬੈਨੀਫਿਟ ਵਾਸਤੇ ਤੁਹਾਡੀ ਪਾਤਰਤਾ ਦਾ ਜਾਇਜ਼ਾ ਅਸੀਂ ਦੁਬਾਰਾ ਲਵਾਂਗੇ।

## ਜੇ ਮੇਰੇ ਹਾਲਾਤਾਂ ਵਿਚ ਤਬਦੀਲੀ ਆ ਜਾਵੇ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਜੇ ਕਿਸੇ ਵੀ ਸਮੇਂ ਤੁਹਾਡੇ ਹਾਲਾਤ ਬਦਣ ਜਾਣ ਤਾਂ ਤੁਰੰਤ ਆਪਣੀ ਲੋਕਲ ਕੌਂਸਲ ਨੂੰ ਲਿਖਤੀ ਤੌਰ ਤੇ ਸੂਚਿਤ ਕਰ ਦੇਵੋ। ਜੇ ਤੁਹਾਨੂੰ ਇਨਕਮ-ਰੀਲੇਟਿਡ ਇੰਪਲਾਏਮਿੰਟ ਐਂਡ ਸੁਪੋਰਟ ਅਲਾਊਂਸ, ਇਨਕਮ ਸੁਪੋਰਟ ਜਾਂ ਇਨਕਮ-ਬੇਸਡ ਜਾਬਸੀਕਰਜ ਅਲਾਊਂਸ ਮਿਲਦਾ ਹੈ ਤਾਂ ਤੁਹਾਡੇ ਲਈ ਡਿਪਾਰਟਮੈਂਟ ਫੋਰ ਵਰਕ ਐਂਡ ਪੈਨਸ਼ਨਜ ਨੂੰ ਵੀ ਦੱਸਣਾ ਜ਼ਰੂਰੀ ਹੈ।

ਹਾਲਾਤਾਂ ਵਿਚ ਤਬਦੀਲੀ ਦੀਆਂ ਆਮ ਉਦਾਹਰਨਾ ਹਨ:

- ਤੁਸੀਂ ਆਪਣਾ ਸਰਨਾਵਾਂ ਬਚਲ ਲੈਂਦੇ ਹੋ;
- ਤੁਹਾਡੇ ਕਿਰਾਏ ਵਿਚ ਤਬਦੀਲੀ ਆ ਜਾਵੇ;
- ਤੁਹਾਡੇ ਨਾਲ ਰਹਿਣ ਵਾਲੇ ਲੋਕਾਂ ਦੀ ਗਿਣਤੀ;
- ਪਰਵਾਰ ਦੇ ਕਿਸੇ ਵੀ ਮੈਂਬਰ ਦੀ ਆਮਦਨ ਵਿਚ ਤਬਦੀਲੀ;

- ਜੇ ਤੁਹਾਨੂੰ ਇਨਕਮ-ਰੀਲੇਟਿਡ ਇੰਪਲਾਏਮਿੰਟ ਐਂਡ ਸੁਪੋਰਟ ਅਲਾਊਂਸ, ਇਨਕਮ ਸੁਪੋਰਟ ਜਾਂ ਇਨਕਮ-ਬੇਸਡ ਜਾਬਸੀਕਰਜ ਅਲਾਊਂਸ ਮਿਲਣਾ ਬੰਦ ਹੋ ਜਾਵੇ; ਜਾਂ
- ਤੁਹਾਡੀ ਆਮਦਨ ਜਾਂ ਬੱਚਤਾਂ ਵਿਚ ਵਧ ਜਾਂ ਘਟ ਜਾਣ।

ਕਿਸੇ ਤਬਦੀਲੀ ਬਾਰੇ ਆਪਣੀ ਲੋਕਲ ਕੌਂਸਲ ਨੂੰ ਦੱਸਣ ਵਿਚ ਦੇਰੀ ਕਰਨ ਦਾ ਨਤੀਜਾ ਹਾਊਸਿੰਗ ਬੈਨੀਫਿਟ ਅਤੇ/ਜਾਂ ਕੌਂਸਲ ਟੈਕਸ ਬੈਨੀਫਿਟ ਦਾ ਵਧੂ ਭੁਗਤਾਨ ਹੋ ਜਾਣ ਵਿਚ ਨਿਕਲ ਸਕਦਾ ਹੈ ਜੋ ਤੁਹਾਨੂੰ ਵਾਪਸ ਮੋੜਨਾ ਪਵੇਗਾ (ਵਧੇਰੇ ਜਾਣਕਾਰੀ ਵਾਸਤੇ ਸਾਡੀ ਵੈਬਸਾਈਟ www.benefit-leaflets.org ਉਤੇ **'ਹਾਊਸਿੰਗ ਬੈਨੀਫਿਟ ਅਤੇ ਕੌਂਸਲ ਟੈਕਸ ਬੈਨੀਫਿਟ – ਵਾਧੂ ਭੁਗਤਾਨ ਅਤੇ ਰਿਣ'** ਦੇਖੋ)।

## ਜੇ ਮੈਨੂੰ ਦਿੱਤੀ ਜਾਣ ਵਾਲੀ ਬੈਨੀਫਿਟ ਦੀ ਰਕਮ ਨਾਲ ਮੈਂ ਸਹਿਮਤ ਨਾ ਹੋਵਾਂ ਤਾਂ?

ਜੇ ਤੁਸੀਂ ਜਾਨਣਾ ਚਾਹੁੰਦੇ ਹੋ ਕਿ ਅਸੀਂ ਤੁਹਾਡੇ ਬੈਨੀਫਿਟ ਦਾ ਹਿਸਾਬ ਕਿਵੇਂ ਲਗਾਇਆ ਹੈ ਤਾਂ ਤੁਹਾਨੂੰ ਆਪਣੀ ਲੋਕਲ ਕੌਂਸਲ ਨਾਲ ਸੰਪਰਕ ਕਰਨਾ ਚਾਹੀਦਾ ਹੈ। ਤੁਹਾਨੂੰ ਇਹ ਕੰਮ ਫੈਸਲੇ ਦੀ ਚਿੱਠੀ ਦੀ ਤਰੀਕ ਤੋਂ ਇਕ ਮਹੀਨੇ ਦੇ ਅੰਦਰ ਅੰਦਰ ਕਰਨਾ ਚਾਹੀਦਾ ਹੈ। ਜਿਤਨੀ ਜਲਦੀ ਹੋ ਸਕੇ ਅਸੀਂ ਤੁਹਾਨੂੰ ਆਪਣੇ ਫੈਸਲੇ ਦੀ ਵਿਆਖਿਆ ਭੇਜਾਂਗੇ।

ਜੇ ਤੁਸੀਂ ਬੈਨੀਫਿਟ ਦੀ ਦਿੱਤੀ ਜਾਣ ਵਾਲੀ ਰਕਮ ਨਾਲ ਸਹਿਮਤ ਨਹੀਂ ਹੋ ਤਾਂ ਫੈਸਲੇ ਦੀ ਚਿੱਠੀ ਦੀ ਤਰੀਕ ਤੋਂ ਇਕ ਮਹੀਨੇ ਦੇ ਅੰਦਰ ਤੁਹਾਨੂੰ ਆਪਣੀ ਲੋਕਲ ਕੌਂਸਲ ਨੂੰ ਸਾਡੇ ਫੈਸਲੇ ਉਪਰ ਮੁੜ ਵਿਚਾਰ ਕਰਨ ਲਈ ਕਹਿਣ ਵਾਸਤੇ ਚਿੱਠੀ ਲਿਖਣੀ ਚਾਹੀਦੀ ਹੈ। ਜੇ ਤੁਹਾਨੂੰ ਪੈਨਸ਼ਨ ਕ੍ਰੈਡਿਟ ਮਿਲਦਾ ਹੈ ਅਤੇ ਤੁਸੀਂ ਸਾਡੇ ਵਲੋਂ ਤੁਹਾਡੇ ਕਲੇਮ ਦੇ ਜਾਇਜ਼ੇ ਵੇਲੇ ਵਰਤੀ ਗਈ ਆਮਦਨ ਨਾਲ ਸਹਿਮਤ ਨਹੀਂ ਹੋ ਤਾਂ ਜ਼ਿਆਦਾਤਰ ਕੇਸਾਂ ਵਿਚ ਤੁਹਾਨੂੰ ਪੈਨਸ਼ਨ ਸਰਵਿਸ ਨਾਲ ਸੰਪਰਕ ਕਰਨਾ ਪਵੇਗਾ।

ਜੇ ਤੁਸੀਂ ਪਹਿਲਾਂ ਹੀ ਵਿਆਖਿਆ ਬਾਰੇ ਮੰਗ ਕਰ ਚੁੱਕੇ ਹੋ ਤਾਂ ਤੁਹਾਨੂੰ ਫੈਸਲੇ ਦੀ ਚਿੱਠੀ ਦੀ ਤਰੀਕ ਤੋਂ ਇਕ ਮਹੀਨੇ ਦੇ ਨਾਲ ਨਾਲ ਸਾਡੇ ਵਲੋਂ ਇਹ ਵਿਆਖਿਆ ਦੇਣ ਵਾਸਤੇ ਲਗਾਇਆ ਗਿਆ ਸਮਾਂ ਵੀ ਮਿਲ ਜਾਵੇਗਾ। ਜੇ ਤੁਸੀਂ ਇਸ ਨਾਲੋਂ ਵੱਧ ਦੇਰ ਲਗਾਉਂਦੇ ਹੋ ਤਾਂ ਆਮਤੌਰ ਤੇ ਅਸੀਂ ਆਪਣਾ ਫੈਸਲਾ ਉਸ ਤਰੀਕ ਤੋਂ ਹੀ ਬਦਲਾਂਗੇ ਜਿਸ ਤਰੀਕ ਨੂੰ ਤੁਸੀਂ ਆਪਣੀ ਕੌਂਸਲ ਨੂੰ ਚਿੱਠੀ ਪਾਈ ਸੀ।

ਤੁਸੀਂ ਇਕ ਸੁਤੰਤਰ ਟ੍ਰਾਈਬੂਨਲ ਕੋਲ ਅਪੀਲ ਕਰ ਸਕਦੇ ਹੋ। ਤੁਸੀਂ ਫਾਰਮ ਦੀ ਮੰਗ ਆਪਣੀ ਲੋਕਲ ਕੌਂਸਲ ਕੋਲੋਂ ਕਰ ਸਕਦੇ ਹੋ – ਉਨ੍ਹਾਂ ਦਾ ਸੰਪਰਕ ਵੇਰਵਾ ਤੁਹਾਡੇ ਕੌਂਸਲ ਟੈਕਸ ਬਿੱਲ ਉਤੇ ਹੈ (ਵਧੇਰੇ ਜਾਣਕਾਰੀ ਵਾਸਤੇ ਸਾਡੀ ਵੈਬਸਾਈਟ www.benefit-leaflets.org ਉਤੇ **'ਜੇ ਤੁਸੀਂ ਸੋਚਦੇ ਹੋ ਕਿ ਤੁਹਾਡੇ ਹਾਊਸਿੰਗ ਬੈਨੀਫਿਟ ਜਾਂ ਕੌਂਸਲ ਟੈਕਸ ਬੈਨੀਫਿਟ ਬਾਰੇ ਗਲਤ ਫੈਲਸਾ ਹੋਇਆ ਹੈ ਤਾਂ ਕੀ ਕਰਨਾ ਹੈ'** ਲੀਫਲੈਟ ਦੇਖੋ)।

## ਮੈਂ ਵਧੇਰੇ ਸਲਾਹ ਕਿੱਥੋਂ ਲੈ ਸਕਦਾ ਹਾਂ?

ਜੇ ਤੁਹਾਨੂੰ ਵਧੇਰੇ ਸਲਾਹ ਜਾਂ ਸਹਾਇਤਾ ਚਾਹੀਦੀ ਹੈ ਤਾਂ ਆਪਣੀ ਲੋਕਲ ਕੌਂਸਲ ਨਾਲ ਸੰਪਰਕ ਕਰੋ (ਆਪਣੀ ਲੋਕਲ ਕੌਂਸਲ ਦਾ ਨਾਮ ਤੁਸੀਂ ਆਪਣੇ ਕੌਂਸਲ ਟੈਕਸ ਬਿੱਲ ਉਤੇ ਦੇਖ ਸਕਦੇ ਹੋ)।

**ਐਚ.ਐਮ. ਰੈਵੀਨਿਊ ਐਂਡ ਕਸਟਮਜ**
- ਫੋਨ ਰਾਹੀਂ: 0845 3003900.
- ਵੈਬਸਾਈਟ ਰਾਹੀਂ: www.hmrc.gov.uk

## ਸੁਤੰਤਰ ਸਲਾਹ

ਜੇ ਤੁਹਾਨੂੰ ਸੁਤੰਤਰ ਸਲਾਹ ਦੀ ਲੋੜ ਹੈ ਤਾਂ ਆਪਣੇ ਲੋਕਲ ਸਿਟੀਜ਼ਨਜ ਐਵਾਈਸ ਬਿਊਰੋ ਨਾਲ ਸੰਪਰਕ ਕਰੋ। ਤੁਸੀਂ ਦੂਸਰੀਆਂ ਲੋਕਲ ਐਡਵਾਈਸ ਏਜੰਸੀਆਂ ਦਾ ਪਤਾ ਫੋਨ ਬੁੱਕ, ਆਪਣੀ ਲੋਕਲ ਲਾਇਬ੍ਰੇਰੀ ਜਾਂ ਆਪਣੀ ਲੋਕਲ ਕੌਂਸਲ ਨਾਲ ਸੰਪਰਕ ਕਰਕੇ ਲਗਾ ਸਕਦੇ ਹੋ।

## ਦੂਸਰੇ ਰੂਪ

ਤੁਸੀਂ ਇਹ ਕਿਤਾਬਚਾ ਵੱਡੇ ਅੱਖਰਾਂ, ਬ੍ਰੇਅਲ, ਆਡੀਓ ਦੇ ਰੂਪ ਵਿਚ ਅਤੇ ਕਿਸੇ ਵੀ ਦੂਸਰੀ ਭਾਸ਼ਾ ਵਿਚ ਪ੍ਰਾਪਤ ਕਰ ਸਕਦੇ ਹੋ। ਵਧੇਰੇ ਜਾਣਕਾਰੀ ਵਾਸਤੇ ਸਾਡੀ ਵੈਬਸਸਈਟ www.benefit-leaflets.org ਦੇਖੋ।

ਇਹ ਲੀਫਲੈਟ ਨੈਸ਼ਨਲ ਲੀਫਲੈਟ ਪ੍ਰਾਜੈਕਟ ਵਲੋਂਨ ਤਿਆਰ ਕੀਤਾ ਗਿਆ ਹੈ।

ਵਧੇਰੇ ਜਾਣਕਾਰੀ ਵਾਸਤੇ www.benefit-leaflets.org ਦੇਖੋ।